


ਰੋਜ਼ਾਨਾ ਸੱਚ ਤੇ ਨਿਡਰ ਆਵਾਜ਼

# ਲੋਕ ਬਾਣੀ

Email : lokbani08@gmail.com | ਸੋਮਵਾਰ, 20 ਦਸੰਬਰ 2021 | ਮੁੱਖ ਸੰਪਾਦਕ - ਅਮਨ ਮਹਿਰਾ | (ਜਲੰਧਰ)

ਰੋਜ਼ਾਨਾ ਪੰਜਾਬੀ ਅਖ਼ਬਾਰ 'ਲੋਕ ਬਾਣੀ' ਆਪ ਪੜ੍ਹੋ ਅਤੇ ਹੋਰਨਾਂ ਨੂੰ ਵੀ ਪੜ੍ਹਾਓ। ਆਪਣੇ ਨਜ਼ਦੀਕੀ ਸਟਾਲ ਅਤੇ ਹਾਕਰ ਤੋਂ ਪ੍ਰਾਪਤ ਕਰੋ ਅਤੇ ਕਿਸੇ ਕਿਸਮ ਦੀ ਪ੍ਰੇਸ਼ਾਨੀ ਲਈ ਹੇਠ ਲਿਖੇ ਨੰਬਰ 'ਤੇ ਸੰਪਰਕ ਕਰੋ।
0181-2211009

R.N.I. Punpun/29016/2008 ✫ ਸਾਲ : 14 ✫ ਅੰਕ : 317 ✫ ਮੁੱਲ : 2.00 ਰੁਪਏ ✫ ਕੁੱਲ ਪੇਜ਼ : 10 ✫ ਫੈਕਸ : 0181-2211009 ✫ M. 99155-94111


## ਉੱਤਰੀ-ਭਾਰਤ 'ਚ ਕੜਾਕੇ ਦੀ ਠੰਡ, ਰਾਜਸਥਾਨ ਤੇ ਸ਼੍ਰੀਨਗਰ 'ਚ ਜੰਮ ਗਿਆ ਪਾਣੀ

**ਨਵੀਂ ਦਿੱਲੀ/ਸ਼੍ਰੀਨਗਰ/ਲੋਕ ਬਾਣੀ**

ਹਿਮਾਚਲ ਪ੍ਰਦੇਸ਼, ਉੱਤਰਾਖੰਡ ਅਤੇ ਜੰਮੂ-ਕਸ਼ਮੀਰ ਦੇ ਪਹਾੜਾਂ 'ਤੇ ਲਗਾਤਾਰ ਹੋ ਰਹੀ ਬਰਫਬਾਰੀ ਕਾਰਨ ਮੈਦਾਨੀ ਇਲਾਕਿਆਂ 'ਚ ਸੀਤ ਲਹਿਰ ਨੇ ਜੋਰ ਫੜ ਲਿਆ ਹੈ। ਇਸ ਕਾਰਨ ਪੰਜਾਬ, ਹਰਿਆਣਾ, ਦਿੱਲੀ ਅਤੇ ਰਾਜਸਥਾਨ 'ਚ ਵੀ ਕੜਾਕੇ ਦੀ ਠੰਡ ਪੈ ਰਹੀ ਹੈ। ਉੱਤਰੀ-ਪੱਛਮੀ ਭਾਰਤ ਦੇ ਵੱਖ-ਵੱਖ ਹਿੱਸਿਆਂ 'ਚ ਕਈ ਥਾਈਂ ਸੰਘਣੀ ਧੁੰਦ ਪੈ ਰਹੀ ਹੈ। ਪਹਾੜਾਂ ਵਲੋਂ ਆ ਰਹੀਆਂ ਬਰਫਾਨੀ ਹਵਾਵਾਂ ਕਾਰਨ ਸ਼ਨੀਵਾਰ ਘੱਟੋ-ਘੱਟ ਤਾਪਮਾਨ 'ਚ ਕਮੀ ਹੋਈ ਹੈ। ਰਾਜਸਥਾਨ ਦੇ ਫਤਿਹਪੁਰ ਵਿਖੇ ਮਨਫੀ 1.6, ਚੁਰੂ ਅਤੇ ਮਾਊਂਟ ਆਬੂ ਵਿਖੇ ਸਿਫਰ ਡਿਗਰੀ ਤਾਪਮਾਨ ਦਰਜ ਕੀਤਾ ਗਿਆ। ਪੰਜਾਬ 'ਚ ਬਠਿੰਡਾ ਅਤੇ ਅੰਮ੍ਰਿਤਸਰ ਵਿਖੇ ਸਭ ਤੋਂ ਘੱਟ ਸਿਫਰ ਡਿਗਰੀ ਤਾਪਮਾਨ ਸੀ। ਰਾਜਸਥਾਨ ਅਤੇ ਸ਼੍ਰੀਨਗਰ ਵਿਖੇ ਕਈ ਥਾਈਂ ਪਾਣੀ ਜੰਮ ਗਿਆ।

ਦਿੱਲੀ 'ਚ 5 ਡਿਗਰੀ ਸੈਲਸੀਅਸ ਤਾਪਮਾਨ ਦਰਜ ਕੀਤਾ ਗਿਆ। ਹਰਿਆਣਾ 'ਚ ਕਈ ਸ਼ਹਿਰਾਂ 'ਚ ਘੱਟੋ-ਘੱਟ ਤਾਪਮਾਨ 3 ਡਿਗਰੀ ਸੈਲਸੀਅਸ ਸੀ। ਰਾਜਸਥਾਨ ਦੇ ਦਰੱਖਤਾਂ 'ਤੇ ਪਈਆਂ ਤਰੇਲ ਦੀਆਂ ਬੂੰਦਾਂ ਬਰਫ 'ਚ ਬਦਲ ਗਈਆਂ। ਸ਼੍ਰੀਨਗਰ ਅਤੇ ਕਸ਼ਮੀਰ ਦੇ ਕਈ ਹਿੱਸਿਆਂ 'ਚ ਸ਼ੁੱਕਰਵਾਰ ਦੀ ਰਾਤ ਇਸ ਮੌਸਮ ਦੀ ਸਭ ਤੋਂ ਠੰਡੀ ਰਾਤ ਸੀ। ਵਾਦੀ ਦੇ ਕਈ ਹਿੱਸਿਆਂ 'ਚ ਘੱਟੋ-ਘੱਟ ਤਾਪਮਾਨ ਸਿਫਰ ਤੋਂ ਕਈ ਡਿਗਰੀ ਹੇਠਾਂ ਚਲਾ ਗਿਆ। ਇਸ ਕਾਰਨ ਪਾਣੀ ਦੀਆਂ ਪਾਈਪਾਂ 'ਚ ਪਾਣੀ ਜੰਮ ਗਿਆ। ਸ਼੍ਰੀਨਗਰ ਵਿਖੇ ਸ਼ੁੱਕਰਵਾਰ ਰਾਤ ਨੂੰ ਮਨਫੀ 6 ਡਿਗਰੀ ਤਾਪਮਾਨ ਦਰਜ ਕੀਤਾ ਗਿਆ। ਬਾਰਾਮੂਲਾ ਜਲਿੇ ਦੇ ਗੁਲਮਰਗ ਵਿਖੇ ਇਹ ਤਾਪਮਾਨ ਮਨਫੀ 8.5 ਸੀ। ਵਾਦੀ 'ਚ ਇਹ ਸਭ ਤੋਂ ਘੱਟ ਤਾਪਮਾਨ ਸੀ।






## ਗੁਆਟੇਮਾਲਾ 'ਚ ਜਮੀਨੀ ਵਿਵਾਦ 'ਚ ਬੱਚਿਆਂ ਸਮੇਤ 13 ਲੋਕਾਂ ਦੀ ਮੌਤ

**ਗੁਆਟੇਮਾਲਾ ਸਿਟੀ/ਲੋਕ ਬਾਣੀ**

ਗੁਆਟੇਮਾਲਾ ਦੇ ਸੋਲੋਲਾ ਵਿਭਾਗ ਦੇ ਚਿਕਿਕਸ, ਨਾਹੁਆਲਾ ਨਗਰਪਾਲਿਕਾ ਦੇ ਇਲਾਕੇ ਵਿਚ ਪਾਣੀ ਅਤੇ ਜਮੀਨ ਨੂੰ ਲੈ ਕੇ ਝੜਪ ਦੀ ਇੱਕ ਘਟਨਾ ਵਾਪਰੀ। ਇਸ ਘਟਨਾ ਵਿੱਚ ਬੱਚਿਆਂ ਸਮੇਤ 13 ਲੋਕਾਂ ਦੀ ਮੌਤ ਹੋ ਗਈ। ਰਾਸਟਰੀ ਪੁਲਸ ਨੇ ਇਹ ਜਾਣਕਾਰੀ ਦਿੱਤੀ। ਪੁਲਸ ਨੇ ਟਵਿੱਟਰ 'ਤੇ ਕਿਹਾ ਕਿ ਮਰਨ ਵਾਲਿਆਂ ਵਿਚ ਬੱਚੇ, ਮਰਦ ਅਤੇ ਔਰਤਾਂ ਸਾਮਲ ਹਨ। ਇਹਨਾਂ ਤੋਂ ਇਲਾਵਾ ਇਕ ਪੁਲਸ ਅਧਿਕਾਰੀ ਦੀ ਦੁਖਦਾਈ ਮੌਤ ਹੋਈ ਹੈ। ਇਸ ਨਾਲ ਮਰਨ ਵਾਲਿਆਂ ਦੀ ਕੁੱਲ ਗਿਣਤੀ 13 ਹੋ ਗਈ ਹੈ। ਇਹ ਨੋਟ ਕੀਤਾ ਗਿਆ ਸੀ ਕਿ ਝੜਪਾਂ ਵਿੱਚ ਦੋ ਹੋਰ ਕਾਨੂੰਨ ਲਾਗੂ ਕਰਨ ਵਾਲੇ ਅਧਿਕਾਰੀ ਜਖਮੀ ਹੋ ਗਏ ਸਨ।

ਚਿਨਕਿਕਸ ਸਾਂਟਾ ਕੈਟਾਰੀਨਾ ਇਕਸਟਾਹੁਆਕਨ ਦੇ ਕਸਬੇ ਨਾਲ ਲੱਗਦੀ ਹੈ। ਦੋਹਾਂ ਇਲਾਕਿਆਂ ਵਿਚਕਾਰ ਪਾਣੀ ਅਤੇ ਜਮੀਨ ਨੂੰ ਲੈ ਕੇ ਵਿਵਾਦ 100 ਸਾਲ ਤੋਂ ਵੀ ਵੱਧ ਪੁਰਾਣਾ ਹੈ।

## ਨਰਿੰਦਰ ਤੋਮਰ ਨੇ ਕੀਹਾ ਨਵੀਂ ਸਮਰੱਥਾ ਨਾਲ ਖੇਤੀਬਾੜੀ 'ਚ ਕੰਮ ਕਰਨਾ ਸਾਡੀ ਪਹਿਲ

**ਨਵੀਂ ਦਿੱਲੀ/ਕਪੂਰ**



ਕੇਂਦਰੀ ਖੇਤੀਬਾੜੀ ਮੰਤਰੀ ਨਰਿੰਦਰ ਸਿੰਘ ਤੋਮਰ ਦਾ ਕਹਿਣਾ ਹੈ ਕਿ ਅਸੀਂ ਨਵੀਂ ਸਮਰੱਥਾ ਨਾਲ ਖੇਤੀਬਾੜੀ ਖ਼ੇਤਰ 'ਚ ਕੰਮ ਕਰ ਰਹੇ ਹਾਂ। ਪ੍ਰਧਾਨ ਮੰਤਰੀ ਮੋਦੀ ਦੀ ਅਗਵਾਈ ਵਿਚ ਖੇਤੀਬਾੜੀ ਦੇ ਖ਼ੇਤਰ ਵਿਚ ਕਈ ਨਵੇਂ ਆਯਾਮ ਸ਼ਾਮਿਲ ਹੋਏ ਹਨ। ਘੱਟੋ-ਘੱਟ ਸਮਰਥਨ ਮੁੱਲ ਦਾ ਡੇਢ ਗੁਣਾ ਕੀਤਾ ਜਾਵੇ ਜਾਂ ਕਿਸਾਨਾਂ ਨੂੰ 16 ਲੱਖ ਕਰੋੜ ਰੁਪਏ ਦਾ ਫ਼ਸਲੀ ਕਰਜ਼ਾ ਦਿੱਤਾ ਜਾਵੇ।

## ਕੈਪਟਨ ਨੇ ਦਿੱਤੀ ਮੁੱਖ ਮੰਤਰੀ ਚੰਨੀ ਨੂੰ ਨਸੀਹਤ

**ਚੰਡੀਗੜ੍ਹ/ਵਿਨੋਦ ਸ਼ਰਮਾ**



ਪੰਜਾਬ 'ਚ ਕੌਮਾਂਤਰੀ ਸਰਹੱਦ 'ਤੇ ਬੀਐੱਸਐੱਫ ਵੱਲੋਂ ਪਾਕਿਸਤਾਨੀ ਡਰੋਨ ਡੇਗੇ ਜਾਣ ਮਗਰੋਂ ਪੰਜਾਬ ਲੋਕ ਕਾਂਗਰਸ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੇ ਸੂਬੇ 'ਚ ਸੁਰੱਖਿਆ ਹਾਲਾਤ ਲਈ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਅਤੇ ਪ੍ਰਦੇਸ਼ ਕਾਂਗਰਸ ਪ੍ਰਧਾਨ ਨਵਜੋਤ ਸਿੰਘ ਸਿੱਧੂ ਨੂੰ ਕਰਾਰੇ ਹੱਥੀਂ ਲਿਆ ਹੈ। ਉਨ੍ਹਾਂ ਚੰਨੀ ਨੂੰ ਕਿਹਾ ਹੈ ਕਿ ਉਹ ਆਪਣੇ ਗ੍ਰਹਿ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੂੰ ਆਖਣ ਕਿ ਉਹ ਸਰਗਰਮ ਹੋਵੇ। ਕੈਪਟਨ ਨੇ ਡਰੋਨ ਡੇਗਣ ਦੀ ਮੀਡੀਆ ਰਿਪੋਰਟ ਨੱਥੀ ਕਰਦਿਆਂ ਟਵੀਟ ਕੀਤਾ, "ਸਾਰਾ ਦਿਨ ਭੰਗੜਾ ਪਾਉਣ ਦੀ ਬਜਾਏ ਪੰਜਾਬ ਦੇ ਮੁੱਖ ਮੰਤਰੀ ਆਪਣੇ ਗ੍ਰਹਿ ਮੰਤਰੀ ਨੂੰ ਸਲਾਹ ਦੇਣ ਕਿ ਉਹ ਸਰਗਰਮ ਹੋਵੇ ਅਤੇ ਇਨਕਾਰ ਕਰਨ ਵਾਲੇ ਰਵੱਈਏ ਤੋਂ ਬਾਹਰ ਨਿਕਲੇ।"

## ਬਿਜਲੀ ਮੁਲਾਜ਼ਮ ਮੰਗਾ ਨਾ ਮਨਣ ਤੇ ਸੰਘਰਸ਼ ਕਰਨਗੇ ਸ਼ੁਰੂ

**ਪਟਿਆਲਾ/ਲੋਕ ਬਾਣੀ**



ਮੰਗਾਂ ਦੀ ਪੂਰਤੀ ਸਬੰਧੀ ਸੂਬੇ ਦੇ ਹਜਾਰਾਂ ਬਿਜਲੀ ਮੁਲਾਜਮਾਂ ਨੇ ਸਰਕਾਰ ਖਲਿਾਫ਼ ਮੁੜ ਸੰਘਰਸ਼ ਵਿੱਢਣ ਦਾ ਫੈਸਲਾ ਲਿਆ ਹੈ। ਤਰਕ ਹੈ ਕਿ ਸਰਕਾਰ ਮੁਲਾਜਮ ਜਥੇਬੰਦੀਆਂ ਨਾਲ ਕੀਤੇ ਫੈਸਲਿਆਂ ਅਨੁਸਾਰ ਪੇਅ ਕਮਿਸ਼ਨ ਦੀ ਰਿਪੋਰਟ ਵਿੱਚ ਸੋਧ ਕਰਕੇ ਲਾਗੂ ਕਰਨ ਤੋਂ ਇਨਕਾਰੀ ਹੈ। ਪੀਐੱਸਈਬੀ ਐਂਪਲਾਈਜ ਜੁਆਇੰਟ ਫੋਰਮ ਦੇ ਸੱਦੇ 'ਤੇ ਬਿਜਲੀ ਮੁਲਾਜਮਾਂ ਦੀਆਂ ਪ੍ਰਮੁੱਖ ਜਥੇਬੰਦੀਆਂ ਸਮੇਤ ਭਰਾਤਰੀ ਜਥੇਬੰਦੀਆਂ 29 ਦਸੰਬਰ ਨੂੰ ਪਾਵਰਕੌਮ ਦੇ ਪਟਿਆਲਾ ਸਥਿਤ ਮੁੱਖ ਦਫਤਰ ਅੱਗੇ ਸੂਬਾਈ ਧਰਨਾ ਦੇਣਗੀਆਂ। ਇਸ ਦੌਰਾਨ ਸਰਕਾਰ ਦੇ ਨਾਮ ਮੰਗ ਪੱਤਰ ਦੇਣ ਲਈ ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂ ਦੀ ਪਟਿਆਲਾ ਸਥਿਤ ਰਿਹਾਇਸ਼ ਵੱਲ ਰੋਸ ਮਾਰਚ ਵੀ ਕੀਤਾ ਜਾਵੇਗਾ। ਉਂਝ ਇਸ ਤੋਂ ਪਹਿਲਾਂ 21 ਦਸੰਬਰ ਨੂੰ ਪਾਵਰਕੌਮ ਅਤੇ ਟਰਾਂਸਕੋ ਦੇ ਪੰਜਾਬ ਭਰ ਵਿਚਲੇ ਉਪ ਮੰਡਲ ਅਤੇ ਮੰਡਲ ਪੱਧਰ 'ਤੇ ਸਥਿਤ ਸਮੂਹ ਬਿਜਲੀ ਦਫਤਰਾਂ ਅੱਗੇ ਸਰਕਾਰ ਦੇ ਮੁਲਾਜਮ ਵਿਰੋਧੀ ਸਰਕੁਲਰ ਸਾੜ ਕੇ ਰੋਸ ਰੈਲੀਆਂ ਕੀਤੀਆਂ ਜਾਣਗੀਆਂ। ਫੋਰਮ ਵੱਲੋਂ ਲਏ ਗਏ ਇਸ ਫੈਸਲੇ ਸਬੰਧੀ ਜਾਣਕਾਰੀ ਜੁਆਇੰਟ ਫੋਰਮ ਦੇ ਆਗੂ ਕਰਮਚੰਦ ਭਾਰਦਵਾਜ, ਕੁਲਦੀਪ ਖੰਨਾ, ਜਗਰੂਪ ਮਹਿਮਦਪੁਰ, ਬਲਵਿੰਦਰ ਸੰਧੂ, ਰਾਮਲੁਭਾਇਆ, ਹਰਜੀਤ ਸਿੰਘ, ਬਲਦੇਵ ਮੰਢਾਲੀ, ਹਰਪਾਲ ਸਿੰਘ, ਅਵਤਾਰ ਕੈਂਥ, ਜਗਦੀਪ ਸਹਿਗਲ ਅਤੇ ਜਗਜੀਤ ਕੋਟਲੀ ਨੇ ਦਿੱਤੀ। ਆਗੂਆਂ ਨੇ ਦੱਸਿਆ ਕਿ ਜਥੇਬੰਦੀ ਦੇ ਵਫਦ ਨੇ ਅੱਜ ਸੀਏ ਜਤਿੰਦਰ ਗੋਇਲ ਡਾਇਰੈਕਟਰ ਵਿੱਤ ਪਾਵਰਕੌਮ ਪਟਿਆਲਾ ਨੂੰ ਮਿਲ ਕੇ ਮੁਲਾਜਮਾਂ ਦੇ ਰੋਸ ਤੋਂ ਜਾਣੂ ਕਰਵਾ ਦਿੱਤਾ ਹੈ। ਉਨ੍ਹਾਂ ਕਿਹਾ ਕਿ ਜੇਕਰ ਜੂਨੀਅਰ ਇੰਜੀਨੀਅਰ, ਜੁਆਇੰਟ ਐਕਸ਼ਨ ਕਮੇਟੀ ਅਕਾਊਂਟਸ ਅਤੇ ਹੋਰ ਜਥੇਬੰਦੀਆਂ ਨਾਲ ਕੀਤੇ ਸਮਝੌਤੇ ਅਨੁਸਾਰ ਮੰਨੀਆਂ ਮੰਗਾਂ ਲਾਗੂ ਨਹੀਂ ਕੀਤੀਆਂ ਜਾਂਦੀਆਂ ਤਾਂ ਬਿਜਲੀ ਮੁਲਾਜਮ ਸੰਘਰਸ਼ ਨੂੰ ਹੋਰ ਤੇਜ ਕਰਨਗੇ।

## ਰਾਜੇਵਾਲ ਨੇ ਟੋਲ ਪਲਾਜਾ ਤੇ ਡਟੇ ਰਹਿਣ ਦੀ ਕੀਤੀ ਗੱਲ


**ਲੁਧਿਆਣਾ/ਕਰਨ ਅਗਰਵਾਲ**



ਸਨਅਤੀ ਸ਼ਹਿਰ 'ਚ ਪੁੱਜੇ ਭਾਰਤੀ ਕਿਸਾਨ ਯੂਨੀਅਨ ਰਾਜੇਵਾਲ ਦੇ ਪ੍ਰਧਾਨ ਬਲਵੀਰ ਸਿੰਘ ਰਾਜੇਵਾਲ ਨੇ ਅੱਜ ਕਿਹਾ ਕਿ ਜਦੋਂ ਤੱਕ ਟੌਲ ਟੈਕਸ ਦੀਆਂ ਵਧੀਆ ਦਰਾਂ ਵਾਪਸ ਨਹੀਂ ਹੁੰਦੀਆਂ, ਉਦੋਂ ਤੱਕ ਟੌਲ ਨਹੀਂ ਚੱਲਣ ਦਿੱਤੇ ਜਾਣਗੇ। ਉਨ੍ਹਾਂ ਕਿਹਾ ਕਿ ਕਿਸਾਨ ਅੰਦੋਲਨ ਦੌਰਾਨ ਆਮ ਲੋਕਾਂ ਦਾ ਕਿਸਾਨਾਂ ਨੂੰ ਕਾਫ਼ੀ ਸਾਥ ਮਿਲਿਆ ਹੈ। ਇਸ ਲਈ ਉਹ ਨਹੀਂ ਚਾਹੁੰਦੇ ਕਿ ਵਧੀਆਂ ਦਰਾਂ ਦਾ ਆਮ ਲੋਕਾਂ ਦੀ ਜੇਬ 'ਤੇ ਅਸਰ ਪਵੇ। ਰਾਜੇਵਾਲ ਨੇ ਕਿਹਾ ਕਿ ਕਿਸਾਨ ਜੱਥੇਬੰਦੀਆਂ ਦੀ ਮੀਟਿੰਗ ਵਿੱਚ ਇਸ ਸਬੰਧੀ ਫੈਸਲਾ ਲਿਆ ਜਾਵੇਗਾ। ਬਲਵੀਰ ਸਿੰਘ ਰਾਜੇਵਾਲ ਨੇ ਅੱਜ ਸਵੇਰੇ ਲੁਧਿਆਣਾ ਦੀ ਇਤਿਹਾਸਕ ਜਾਮਾ ਮਸਜਿਦ 'ਚ ਪੰਜਾਬ ਦੇ ਸ਼ਾਹੀ ਇਮਾਮ ਮੌਲਾਨਾ ਮੁਹੰਮਦ ਉਸਮਾਨ ਲੁਧਿਆਣਵੀਂ ਨਾਲ ਮੁਲਾਕਾਤ ਕਰ ਕੇ ਕਿਸਾਨ ਅੰਦੋਲਨ ਦੌਰਾਨ ਮੁਸਲਿਮ ਭਾਈਚਾਰੇ ਵੱਲੋਂ ਦਿੱਤੇ ਸਾਥ ਲਈ ਧੰਨਵਾਦ ਕੀਤਾ। ਆਮ ਆਦਮੀ ਪਾਰਟੀ ਵੱਲੋਂ ਰਾਜੇਵਾਲ ਨੂੰ ਮੁੱਖ ਮੰਤਰੀ ਦਾ ਚਿਹਰਾ ਬਣਾਏ ਜਾਣ ਦੀਆਂ ਚਰਚਾਵਾਂ ਬਾਰੇ ਪੁੱਛੇ ਜਾਣ 'ਤੇ ਕਿਸਾਨ ਆਗੂ ਨੇ ਕਿਹਾ ਕਿ ਨਾ ਤਾਂ ਉਨ੍ਹਾਂ ਨੂੰ ਇਸ ਤਰ੍ਹਾਂ ਦੀ ਕੋਈ ਪੇਸ਼ਕਸ਼ ਹੋਈ ਹੈ ਅਤੇ ਨਾ ਹੀ ਉਹ 'ਆਪ' ਨਾਲ ਸੰਪਰਕ 'ਚ ਹਨ। ਉਨ੍ਹਾਂ ਕਿਹਾ ਕਿ ਹਾਲੇ ਰਾਜਨੀਤੀ 'ਚ ਆਉਣ ਦਾ ਕੋਈ ਫੈਸਲਾ ਨਹੀਂ ਲਿਆ ਗਿਆ। ਰਾਜੇਵਾਲ ਨੇ ਕਿਹਾ ਕਿ ਚੋਣਾਂ 'ਚ ਭਾਜਪਾ ਦਾ ਵਿਰੋਧ ਜਾਰੀ ਰਹੇਗਾ।

## ਪੰਜਾਬ 'ਚ ਕੋਰੋਨਾ ਕਾਰਨ 1 ਦੀ ਮੌਤ ਤੇ 28 ਨਵੇਂ ਕੇਸ ਮਿਲੇ

**ਚੰਡੀਗੜ੍ਹ/ਵਿਨੋਦ ਸ਼ਰਮਾ**



ਕਰੋਨਾਵਾਇਰਸ ਕਾਰਨ ਪੰਜਾਬ 'ਚ 24 ਘੰਟਿਆਂ ਵਿੱਚ ਇਕ ਜਣੇ ਦੀ ਮੌਤ ਹੋ ਗਈ ਹੈ। ਇਸ ਨਾਲ ਕਰੋਨਾ ਮ੍ਰਿਤਕਾਂ ਦਾ ਅੰਕੜਾ 16628 'ਤੇ ਪਹੁੰਚ ਗਿਆ ਹੈ। ਸਿਹਤ ਵਿਭਾਗ ਅਨੁਸਾਰ ਅੱਜ ਸੂਬੇ 'ਚ 28 ਨਵੇਂ ਕੇਸ ਸਾਹਮਣੇ ਆਏ ਹਨ ਜਦਕਿ 42 ਨੂੰ ਠੀਕ ਹੋਣ ਤੋਂ ਬਾਅਦ ਛੁੱਟੀ ਕਰ ਦਿੱਤੀ ਹੈ। ਇਸ ਸਮੇਂ ਸੂਬੇ ਵਿੱਚ 306 ਐਕਟਿਵ ਕੇਸ ਹਨ। ਸਿਹਤ ਵਿਭਾਗ ਅਨੁਸਾਰ ਅੱਜ ਰੋਪੜ 'ਚ ਇਕ ਜਣੇ ਦੀ ਮੌਤ ਹੋ ਗਈ ਹੈ। ਦੂਜੇ ਪਾਸੇ ਹਰਿਆਣਾ ਵਿੱਚ ਕਰੋਨਾ ਦੇ 23 ਨਵੇਂ ਕੇਸ ਸਾਹਮਣੇ ਆਏ ਸਨ ਅਤੇ 27 ਨੂੰ ਠੀਕ ਹੋਣ ਤੋਂ ਬਾਅਦ ਛੁੱਟੀ ਕਰ ਦਿੱਤੀ ਹੈ। ਇਸ ਸਮੇਂ ਸੂਬੇ 'ਚ 203 ਐਕਟਿਵ ਕੇਸ ਹਨ।


ਪੰਜਾਬ ਦੇ ਹਰ ਜ਼ਿਲ੍ਹੇ ਤੋਂ ਰੋਜ਼ਾਨਾ ਲੋਕ ਬਾਣੀ ਅਖ਼ਬਾਰ ਲਈ ਪੱਤਰਕਾਰਾਂ ਦੀ ਲੋੜ ਹੈ ਚਾਹਵਾਨ ਪੱਤਰਕਾਰ ਸੰਪਰਕ ਕਰਨ ਮੁੱਖ ਦਫਤਰ

ਲੋਕ ਬਾਣੀ ਸੰਗਮ ਕੰਪਲੈਕਸ, ਮਿਲਾਪ ਚੌਕ ਜਲੰਧਰ 99155-94111

# ਐਨਸੀਸੀ ਏਅਰ ਵਿੰਗ ਵੱਲੋਂ 18ਵਾਂ ਟੀਕਾਕਰਨ ਕੈਂਪ ਲਗਾਇਆ ਗਿਆ




**ਪਟਿਆਲਾ/ਜਗਦੀਸ ਰਾਈਕਾ**

ਸੀਨੀਅਰ ਸੈਕੰਡਰੀ ਮਾਡਲ ਸਕੂਲ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਐਨ.ਸੀ.ਸੀ ਏਅਰ ਵਿੰਗ ਵੱਲੋਂ ਅੱਜ ਇੱਥੇ 18ਵਾਂ ਟੀਕਾਕਰਨ ਕੈਂਪ ਲਗਾਇਆ ਗਿਆ। ਇਹ ਕੈਂਪ ਗੁਰੂਦੁਆਰਾ ਨਾਨਕਸਰ ਸਾਹਿਬ, ਫੇਜ 1, ਅਰਬਨ ਅਸਟੇਟ, ਪਟਿਆਲਾ ਵਿਖੇ ਲਗਾਇਆ ਗਿਆ। ਸਤਵੀਰ ਸਿੰਘ, ਮੁਖੀ, ਸਕੂਲ ਐਨ.ਸੀ.ਸੀ. ਵਿੰਗ ਅਤੇ ਨੋਡਲ ਅਫਸਰ, ਸਨੌਰ ਨੇ ਭਾਗ ਲੈਣ ਵਾਲਿਆਂ ਨੂੰ ਵੋਟ ਦੇ ਅਧਿਕਾਰ ਅਤੇ ਨਵੇਂ ਵੋਟਰ ਕਾਰਡ ਬਣਾਉਣ ਬਾਰੇ ਜਾਣਕਾਰੀ ਦਿੱਤੀ। ਇਸ ਕੈਂਪ ਵਿੱਚ ਕੋਵਿਡਸੀਲਡ ਵੈਕਸੀਨ ਦੀਆਂ 150 ਤੋਂ ਵੱਧ ਖੁਰਾਕਾਂ ਦਿੱਤੀਆਂ ਗਈਆਂ। ਕੈਂਪ ਦੇ ਸਫਲ ਕਾਰਜਕ੍ਰਮ ਦੀ ਨਿਗਰਾਨੀ ਡਾ: ਵਿਕਾਸ ਗੋਇਲ, ਸਹਾਇਕ ਸਿਵਲ ਸਰਜਨ, ਪਟਿਆਲਾ, ਡਾ: ਵੀਨਾ ਗੋਇਲ, ਜਲ੍ਹਿਾ ਟੀਕਾਕਰਨ ਅਫਸਰ ਅਤੇ ਡਾ: ਪਰਮਜੀਤ ਸੈਣੀ ਮੌਜੂਦ ਸਨ। ਗਰੁੱਪ ਕੈਪਟਨ ਰਾਜੇਸ ਸਰਮਾ ਅਤੇ ਜਲ੍ਹਿਾ ਨੋਡਲ ਅਫਸਰ ਗੁਰਬਖਸੀਸ ਸਿੰਘ ਨੇ ਵੀ ਵੱਡਮੁੱਲਾ ਯੋਗਦਾਨ ਪਾਇਆ। ਇਸ ਤੋਂ ਇਲਾਵਾ ਕੈਂਪ ਨੂੰ ਸੁਚਾਰੂ ਢੰਗ ਨਾਲ ਨੇਪਰੇ ਚਾੜ੍ਹਨ ਲਈ ਚੇਤਨ ਸਰਮਾ, ਮਨਵੀਰ ਸਿੰਘ, ਵੀਨਾ ਰਾਣੀ, ਰਮਨਪ੍ਰੀਤ ਕੌਰ, ਕੰਵਰਦੀਪ ਸਿੰਘ ਗਿੱਲ, ਸੰਨੀ ਅਤੇ ਦਲੇਰ ਸਿੰਘ ਨੇ ਆਪਣੀਆਂ ਸੇਵਾਵਾਂ ਦਿੱਤੀਆਂ।

# ਨਿਊ ਗ੍ਰੇਨ ਮਾਰਕੀਟ 'ਚ ਖੜਨ ਵਾਲੇ ਟਰੱਕਾਂ ਤੋਂ ਲੋਕ ਪ੍ਰੇਸ਼ਾਨ



**ਘਨੌਰ/ਲੋਕ ਬਾਣੀ**

ਪੁਰਾਣੀ ਕਚਹਿਰੀਆਂ ਕੋਲ ਸਥਿਤ ਨਿਊ ਗ੍ਰੇਨ ਮਾਰਕੀਟ ਵਿਚ ਅਨੇਕਾਂ ਸਹੂਲਤਾਂ ਹੋਣ ਤੋਂ ਬਾਅਦ ਮਾਰਕੀਟ ਦੇ ਦੁਕਾਨਦਾਰ ਅਤੇ ਰਿਹਾਇਸੀ ਏਰੀਏ ਵਾਲੇ ਟਰੱਕਾਂ ਵਾਲਿਆਂ ਵਲੋਂ ਨਿਊ ਗ੍ਰੇਨ ਮਾਰਕੀਟ ਵਿਚ ਟਰੱਕ ਖੜ੍ਹੇ ਕਰਨ ਕਰਕੇ ਪਾਰਕਿੰਗ ਦੀ ਸਮੱਸਿਆ ਨਾਲ ਜੂਝ ਰਹੇ ਹਨ . ਗੌਰਤਲਬ ਹੈ ਕਿ ਮਾਰਕੀਟ ਵਿਚ 2 ਬੈਂਕ ਪੰਜਾਬ ਐਂਡ ਸਿੰਧ, ਐੱਚ.ਡੀ.ਐਫ.ਸੀ. ਬੈਂਕ ਅਤੇ 1 ਇੰਡੀਅਨ ਗੈਸ ਦੀ ਏਜੰਸੀ ਹੈ ਅਤੇ ਦੁਕਾਨਾਂ ਹਨ . ਜਿਨ੍ਹਾਂ ਕਰਕੇ ਮਾਰਕੀਟ ਵਿਚ ਲੋਕਾਂ ਦਾ ਆਨਾ ਜਾਣਾ ਲੱਗਿਆ ਰਹਿੰਦਾ ਹੈ . ਪਰ ਸਮੱਸਿਆ ਇੱਥੇ ਆ ਜਾਂਦੀ ਹੈ ਮਾਰਕੀਟ ਦੀ ਪਾਰਕਿੰਗ ਵਿਚ ਟਰੱਕ ਖੜ੍ਹੇ ਹੋਣ ਕਾਰਨ ਲੋਕਾਂ ਕੋਲ ਤੇ ਬੈਂਕ ਅਧਿਕਾਰੀਆਂ ਕੋਲ ਆਪਣੇ ਵਾਹਨ ਖੜ੍ਹੇ ਕਰਨ ਲਈ ਵੀ ਜਗ੍ਹਾ ਨਹੀਂ ਬਚਦੀ . ਜਿਸ ਕਾਰਨ ਆਮ ਲੋਕਾਂ ਨੂੰ ਅਤੇ ਕਈ ਵਾਰੀ ਮਾਰਕੀਟ ਦੇ ਬਾਸ਼ਿੰਦਿਆਂ ਨੂੰ ਆਪਣੇ ਵਾਹਨ ਸੜਕ 'ਤੇ ਖੜ੍ਹੇ ਕਰਨੇ ਪੈਂਦੇ ਹਨ . ਜਿਸ ਨਾਲ ਸੜਕ 'ਤੇ ਹਾਦਸਾ ਹੋਣ ਦਾ ਖਤਰਾ ਬਣਿਆ ਰਹਿੰਦਾ ਹੈ . ਮਾਰਕੀਟ ਦੇ ਦੁਕਾਨਦਾਰਾਂ ਅਨੁਸਾਰ ਉਹ ਕਈ ਵਾਰ ਟਰੱਕ ਵਾਲਿਆਂ ਨੂੰ ਮਾਰਕੀਟ 'ਚ ਟਰੱਕ ਨਾ ਖੜ੍ਹੇ ਕਰਨ ਲਈ ਕਈ ਵਾਰੀ ਕਹਿ ਚੁੱਕੇ ਹਨ ਪਰ ਉਹ ਨਹੀਂ ਹਟਦੇ ਅਤੇ ਟਰੱਕ ਖੜ੍ਹੇ ਹੋਣ ਕਾਰਨ ਸਾਡਾ ਦੁਕਾਨਦਾਰਾਂ ਦਾ ਕੰਮ ਕਾਜ ਬਹੁਤ ਪ੍ਰਭਾਵਿਤ ਹੋ ਰਿਹਾ ਹੈ . ਸਾਡੀ ਹਲਕੇ ਦੇ ਐਮ.ਐਲ.ਏ ਮਦਨ ਲਾਲ ਜਲਾਲਪੁਰ ਨੂੰ ਅਪੀਲ ਹੈ ਕਿ ਉਹ ਇਸ ਸਮੱਸਿਆ ਦਾ ਹੱਲ ਕਰਨ ਨਹੀਂ ਤਾਂ ਸਾਨੂੰ ਮਾਰਕੀਟ 'ਚੋਂ ਦੁਕਾਨਾਂ ਖਾਲੀ ਕਰਨੀਆਂ ਪੈਣਗੀਆਂ ਅਤੇ ਕਈ ਦੁਕਾਨਦਾਰ ਤਾਂ ਟਰੱਕ ਵਾਲਿਆਂ ਵਲੋਂ ਪ੍ਰੇਸਾਨ ਹੋਣ ਕਾਰਨ ਦੁਕਾਨਾਂ ਖਾਲੀ ਕਰਕੇ ਜਾ ਚੁਕੇ ਹਨ . ਇਸ ਮਸਲੇ 'ਤੇ ਅਸੀਂ ਜਦੋਂ ਟਰੱਕ ਯੂਨੀਅਨ ਦੇ ਸਾਬਕਾ ਪ੍ਰਧਾਨ ਅਮਰੀਕ ਸਿੰਘ ਸਿੱਧੂ ਨਾਲ ਗੱਲ ਕੀਤੀ ਤਾਂ ਉਨ੍ਹਾਂ ਕਿਹਾ ਕਿ ਇਹ ਜਗ੍ਹਾ ਗੱਡਾ ਸਟੈਂਡ ਦੀ ਹੈ ਕੋਈ ਵੀ ਗੱਡੀ ਜਾਂ ਟਰੱਕ ਇੱਥੇ ਖੜ੍ਹਾ ਕਰ ਸਕਦਾ ਹੈ ਸਾਡੇ ਕੋਲ ਹੱਲੇ ਕੋਈ ਹੋਰ ਜਗ੍ਹਾ ਨਹੀਂ ਹੈ ਜਦੋਂ ਅਸੀਂ ਕੋਈ ਜਗ੍ਹਾ ਲੈ ਲਵਾਂਗੇ ਜਾਂ ਜਗ੍ਹਾ ਦਾ ਕੋਈ ਹੋਰ ਹੱਲ ਨਿਕਲ ਜਾਵੇਗਾ ਅਸੀਂ ਟਰੱਕ ਉੱਥੇ ਲਗਾ ਲਵਾਂਗੇ।

# ਡਾ. ਐਸ. ਪੀ. ਸਿੰਘ ਉਬਰਾਏ ਦੇ ਯਤਨਾਂ ਨਾਲ ਪਿੰਡ ਮਹਿਣਾ ਦੇ ਨੌਜਵਾਨ ਦੀ ਮ੍ਰਿਤਕ ਦੇਹ ਪਿੰਡ ਪਹੁੰਚੀ

**ਮੋਗਾ/ਲੋਕ ਬਾਣੀ :** ਪਿੰਡ ਮਹਿਣਾ ਦੇ 40 ਸਾਲਾ ਨੌਜਵਾਨ ਹਰਦੀਪ ਸਿੰਘ ਪੁੱਤਰ ਸਿੰਘ ਦੀ ਮ੍ਰਿਤਕ ਦੇਹ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਮੈਨੇਜਿੰਗ ਟਰੱਸਟੀ ਡਾ. ਐਸ. ਪੀ. ਸਿੰਘ ਉਬਰਾਏ ਦੇ ਵਿਸੇਸ ਯਤਨਾਂ ਸਦਕਾ ਅੱਜ ਦੁਬਈ ਤੋਂ ਉਸ ਦੇ ਜੱਦੀ ਪਿੰਡ ਮਹਿਣਾ ਵਿਖੇ ਪਹੁੰਚੀ, ਜਿੱਥੇ ਉਸ ਦਾ ਪਰਿਵਾਰ ਵਲੋਂ ਅੰਤਿਮ ਸੰਸਕਾਰ ਕਰ ਦਿੱਤਾ ਗਿਆ . ਜਕਿਰਯੋਗ ਹੈ ਕਿ ਮ੍ਰਿਤਕ ਨੌਜਵਾਨ ਆਪਣੀ ਮੌਤ ਤੋਂ 12 ਦਿਨ ਪਹਿਲਾਂ ਹੀ 18 ਨਵੰਬਰ ਨੂੰ ਦੁਬਈ ਗਿਆ ਸੀ ਤੇ ਉੱਥੇ ਜਾ ਕੇ ਉਹ ਬਿਮਾਰ ਹੋ ਗਿਆ ਤੇ ਉਸ ਨੂੰ ਰਾਸਦਿ ਹਸਪਤਾਲ ਦੁਬਈ ਵਿਖੇ ਦਾਖਲ ਕਰਵਾਇਆ ਗਿਆ ਸੀ . ਇਲਾਜ ਦੌਰਾਨ ਨੌਜਵਾਨ ਦੀ ਮੌਤ ਹੋ ਗਈ . ਪਰਿਵਾਰ ਵਲੋਂ ਸਰਬੱਤ ਦਾ ਭਲਾ ਮੋਗਾ ਦੇ ਪ੍ਰਧਾਨ ਮਹਿੰਦਰ ਪਾਲ ਲੂੰਬਾ ਨਾਲ ਸੰਪਰਕ ਕੀਤਾ ਗਿਆ ਤੇ ਹਰਦੀਪ ਸਿੰਘ ਦੀ ਮ੍ਰਿਤਕ ਦੇਹ ਵਾਪਸ ਲੈ ਕੇ ਆਉਣ ਲਈ ਮਦਦ ਮੰਗੀ . ਮਹਿੰਦਰ ਪਾਲ ਲੂੰਬਾ ਵਲੋਂ ਉਨ੍ਹਾਂ ਦਾ ਕੇਸ ਤਿਆਰ ਕਰ ਕੇ ਸਰਬੱਤ ਦਾ ਭਲਾ ਦੇ ਮੈਨੇਜਿੰਗ ਟਰੱਸਟੀ ਡਾ. ਐਸ.ਪੀ. ਸਿੰਘ ਉਬਰਾਏ ਨੂੰ ਭੇਜਿਆ ਗਿਆ, ਜੋ ਉਸ ਵੇਲੇ ਦੁਬਈ ਵਿਚ ਹੀ ਮੌਜੂਦ ਸਨ . ਉਨ੍ਹਾਂ ਨੇ ਤੁਰੰਤ ਆਪਣੇ ਵਕੀਲਾਂ ਦੇ ਪੈਨਲ ਨੂੰ ਕੰਮ 'ਤੇ ਲਗਾ ਦਿੱਤਾ ਤੇ ਦੋ ਦਿਨ ਦੀ ਦੌੜ ਭੱਜ ਤੋਂ ਬਾਅਦ ਮ੍ਰਿਤਕ ਹਰਦੀਪ ਸਿੰਘ ਦੀ ਦੇਹ ਭਾਰਤ ਭੇਜਣ ਦਾ ਡਾ. ਐਸ.ਪੀ. ਸਿੰਘ ਉਬਰਾਏ ਵਲੋਂ ਪ੍ਰਬੰਧ ਕਰ ਦਿੱਤਾ ਗਿਆ . ਨੌਜਵਾਨ ਦੀ ਮ੍ਰਿਤਕ ਦੇਹ 16 ਨਵੰਬਰ ਨੂੰ ਅੰਮ੍ਰਿਤਸਰ ਏਅਰਪੋਰਟ 'ਤੇ ਪਰਿਵਾਰ ਨੂੰ ਸੌਂਪ ਦਿੱਤੀ ਗਈ . ਅੱਜ ਨੌਜਵਾਨ ਦੇ ਅੰਤਿਮ ਸੰਸਕਾਰ ਮੌਕੇ ਨਗਰ ਅਤੇ ਇਲਾਕਾ ਨਿਵਾਸੀ ਪਹੁੰਚੇ ਹੋਏ ਸਨ, ਜੋ ਡਾ. ਉਬਰਾਏ ਦੇ ਯਤਨਾਂ ਦੀ ਸਲਾਘਾ ਕਰ ਰਹੇ ਸਨ।

# ਦਿੱਲੀ ਅੰਦੋਲਨ ਤੋਂ ਬਾਅਦ ਹੁਣ ਭਾਕਿਯੂ ਪੰਜਾਬ ਸਰਕਾਰ ਨੂੰ ਪਾਏਗੀ ਵਖਤ




**ਮਾਨਸਾ/ਲੋਕ ਬਾਣੀ**

ਦਿੱਲੀ ਅੰਦੋਲਨ ਦੀ ਸਫਲਤਾ ਤੋਂ ਬਾਅਦ ਹੁਣ ਸੰਯੁਕਤ ਕਿਸਾਨ ਮੋਰਚੇ 'ਚ ਸਾਮਿਲ ਕੁਝ ਜਥੇਬੰਦੀਆਂ ਵਲੋਂ ਪੰਜਾਬ ਸਰਕਾਰ ਖ਼ਿਲਾਫ ਮੋਰਚਾ ਖੋਲ੍ਹ ਦਿੱਤਾ ਗਿਆ ਹੈ . ਜਕਿਰਯੋਗ ਹੈ ਕਿ ਪੂਰਾ 1 ਸਾਲ ਜਥੇਬੰਦੀਆਂ ਵਲੋਂ ਦਿੱਲੀ ਵਿਖੇ ਮੋਦੀ ਸਰਕਾਰ ਖ਼ਿਲਾਫ ਅੰਦੋਲਨ ਚਲਾਇਆ ਗਿਆ ਸੀ, ਜਿਸ ਕਾਰਨ ਪੰਜਾਬ ਸਰਕਾਰ ਦੇ ਨੁਮਾਇੰਦਿਆਂ ਤੋਂ ਇਲਾਵਾ ਸਿਵਲ ਅਤੇ ਪੁਲਿਸ ਪ੍ਰਸਾਸਨ ਨੇ ਸੁੱਖ ਦਾ ਸਾਹ ਲਿਆ ਸੀ ਅਤੇ ਉਨ੍ਹਾਂ ਨੂੰ ਧਰਨਿਆਂ/ਮੁਜਾਹਰਿਆਂ ਦਾ ਬਹੁਤ ਘੱਟ ਸਾਹਮਣਾ ਕਰਨਾ ਪਿਆ ਸੀ . ਹੁਣ ਜਥੇਬੰਦੀਆਂ ਵਲੋਂ ਜਿੱਥੇ ਰੋਜਗਾਰ ਮੰਗਦੇ ਬੇਰੁਜਗਾਰਾਂ ਦੀ ਹਮਾਇਤ 'ਚ ਸਮੂਲੀਅਤ ਕੀਤੀ ਜਾ ਰਹੀ ਹੈ, ਉੱਥੇ ਭਾਰਤੀ ਕਿਸਾਨ ਯੂਨੀਅਨ ਏਕਤਾ (ਉਗਰਾਹਾਂ) ਵਲੋਂ ਪੰਜਾਬ ਦੀ ਚੰਨੀ ਸਰਕਾਰ ਤੋਂ ਚੋਣਾਂ ਤੋਂ ਪਹਿਲਾਂ ਲੋਕਾਂ ਨਾਲ ਕੀਤੇ ਵਾਅਦੇ ਪੂਰੇ ਕਰਵਾਉਣ ਲਈ 20 ਤੋਂ 24 ਦਸੰਬਰ ਤੱਕ ਦਿਨ ਰਾਤ ਦੇ ਜਲ੍ਹਿਾ ਪੱਧਰੀ ਧਰਨੇ ਲਗਾਉਣ ਦਾ ਐਲਾਨ ਕੀਤਾ ਗਿਆ ਹੈ . ਇਸ ਨਾਲ ਪੰਜਾਬ ਸਰਕਾਰ ਤੋਂ ਇਲਾਵਾ ਸਿਵਲ ਤੇ ਪੁਲਿਸ ਪ੍ਰਸਾਸਨ ਨੂੰ ਔਕੜਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ . ਯੂਨੀਅਨ ਦੇ ਇਕ ਆਗੂ ਨੇ ਸੰਕੇਤ ਦਿੱਤਾ ਹੈ ਕਿ ਜੇਕਰ ਸਰਕਾਰ ਨੇ 24 ਦਸੰਬਰ ਤੱਕ ਵਾਅਦਿਆਂ ਨੂੰ ਅਮਲੀ ਰੂਪ ਨਾ ਦਿੱਤਾ ਤਾਂ ਸੰਘਰਸ ਨੂੰ ਤਿੱਖਾ ਰੂਪ ਵੀ ਦਿੱਤਾ ਜਾ ਸਕਦਾ ਹੈ . ਜਥੇਬੰਦੀ ਦੀ ਮੰਗ ਹੈ ਕਿ ਕਿਸਾਨਾਂ ਅਤੇ ਖੇਤ ਮਜਦੂਰਾਂ ਸਿਰ ਚੜ੍ਹੇ ਸਮੁੱਚੇ ਕਰਜੇ 'ਤੇ ਲੀਕ ਮਾਰੀ ਜਾਵੇ, ਪਰਿਵਾਰ ਦੇ 1 ਜੀਅ ਨੂੰ ਤੁਰੰਤ ਨੌਕਰੀ ਦਿੱਤੀ ਜਾਵੇ, ਪੰਜਾਬ ਨੂੰ ਨਸਾ ਮੁਕਤ ਕੀਤਾ ਜਾਵੇ ਅਤੇ ਨਸੇ ਦੇ ਸਮਗਲਰਾਂ ਖ਼ਿਲਾਫ ਸਖਤ ਕਾਰਵਾਈ ਕਰਨ ਤੋਂ ਇਲਾਵਾ ਗੁਲਾਬੀ ਸੁੰਡੀ ਨਾਲ ਨਰਮੇ ਦੇ ਹੋਏ ਖਰਾਬੇ ਦਾ ਮੁਆਵਜਾ ਤੁਰੰਤ ਅਦਾ ਕੀਤਾ ਜਾਵੇ, ਅੰਦੋਲਨਕਾਰੀ ਕਿਸਾਨਾਂ ਸਿਰ ਮੜ੍ਹੇ ਸਾਰੇ ਪੁਲਿਸ ਕੇਸ ਰੱਦ ਕੀਤੇ ਜਾਣ ਅਤੇ ਸਹੀਦ ਹੋ ਚੁੱਕੇ ਪੰਜਾਬ ਦੇ ਸੈਂਕੜੇ ਕਿਸਾਨਾਂ, ਮਜਦੂਰਾਂ ਦੇ ਪਰਿਵਾਰਾਂ ਨੂੰ 5-5 ਲੱਖ ਰੁਪਏ ਦੀ ਆਰਥਿਕ ਸਹਾਇਤਾ ਤੇ 1-1 ਜੀਅ ਨੂੰ ਪੱਕੀ ਸਰਕਾਰੀ ਨੌਕਰੀ ਦਿੱਤੀ ਜਾਵੇ ਆਦਿ . ਮਾਨਸਾ ਵਿਖੇ ਲਗਾਏ ਜਾ ਰਹੇ ਧਰਨੇ ਦੀ ਤਿਆਰੀ ਸਬੰਧੀ ਇੱਥੇ ਇਕੱਤਰਤਾ ਕੀਤੀ ਗਈ, ਜਿਸ ਨੂੰ ਸੰਬੋਧਨ ਕਰਦਿਆਂ ਜਲ੍ਹਿਾ ਪ੍ਰਧਾਨ ਰਾਮ ਸਿੰਘ ਭੈਣੀਬਾਘਾ ਨੇ ਕਿਹਾ ਕਿ ਕਾਂਗਰਸ ਸਰਕਾਰ ਵਲੋਂ 2017 ਦੀਆਂ ਚੋਣਾਂ ਤੋਂ ਪਹਿਲਾਂ ਲੋਕਾਂ ਨਾਲ ਵੱਡੇ ਵੱਡੇ ਵਾਅਦੇ ਕੀਤੇ ਗਏ ਸਨ, ਜੋ ਅਜੇ ਵੀ ਅਧੂਰੇ ਹਨ, ਨੂੰ ਪੂਰਾ ਕੀਤਾ ਜਾਵੇ . ਉਨ੍ਹਾਂ ਕਿਹਾ ਕਿ ਜੇਕਰ ਸਰਕਾਰ ਨੇ ਮੰਗਾਂ ਨਾ ਮੰਨੀਆਂ ਤਾਂ ਆਉਣ ਵਾਲੇ ਦਿਨਾਂ 'ਚ ਸੰਘਰਸ ਹੋਰ ਤਿੱਖਾ ਕੀਤਾ ਜਾਵੇਗਾ।

# ਬੇਅਦਬੀ ਦੀਆਂ ਘਟਨਾਵਾ ਗੰਦੀ ਰਾਜਨੀਤੀ ਤੋ ਪ੍ਰੇਰਿਤ ਸਾਜਿਸ਼ ਨੰਗੀ ਕਰਨੀ ਬੇਹੱਦ ਜਰੂਰੀ : ਜਥੇਦਾਰ ਰਣਜੀਤ ਸਿੰਘ ਬ੍ਰਹਮਪੁਰਾ

**ਜਦ ਇਨਸਾਫ ਨਹੀ ਮਿਲਦਾ ਤਾ ਲੋਕ ਆਪ ਫੈਸਲੇ ਲੈਣ ਲਈ ਮਜਬੂਰ ਹੋ ਜਾਦੇ ਨੇ : ਰਣਜੀਤ ਸਿੰਘ ਬ੍ਰਹਮਪੁਰਾ**



**ਅੰਮ੍ਰਿਤਸਰ ਚੋਹਲਾ ਸਾਹਿਬ /ਮਨਜੀਤ ਸੰਧੂ ,ਭਗਤ ਸਿੰਘ ਸੰਧੂ ,ਗੁਰਮੀਤ ਸੰਧੂ**

ਬੀਤੇ ਕੱਲ ਸ੍ਰੀ ਦਰਬਾਰ ਸਾਹਿਬ ਅੰਦਰ ਰਹਿਰਾਸ ਸਾਹਿਬ ਸਮੇਂ ਜਿਸ ਨੇ ਬੇਅਦਬੀ ਦੀ ਕੋਸਿਸ਼ ਕੀਤੀ ਅਤਿ ਦੁਖਦਾਈ ਘਟਨਾ ਹੈ ਇਸ ਦੀ ਸਖਤ ਨਿਖੇਧੀ ਕਰਦਿਆ ਸ੍ਰੋਮਣੀ ਅਕਾਲੀ ਦਲ ਸੰਯੁਕਤ ਦੇ ਸਰਪ੍ਰਸਤ ਜਥੇਦਾਰ ਰਣਜੀਤ ਸਿੰਘ ਬ੍ਰਹਮਪੁਰਾ ਨੇ ਕਿਹਾ ਕਿ ਬਰਗਾੜੀ ਬਹਿਬਲਕਾਂਡ ਤਖਤ ਸ੍ਰੀ ਕੇਸਗੜ੍ਹ ਸਾਹਿਬ ਤੇ ਪੰਜਾਬ ਦੇ ਅਲੱਗ ਅਲੱਗ ਜਿਲਿਆ ਵਿੱਚ ਲਗਾਤਾਰ ਵਾਪਰ ਰਹੀਆ ਬੇਅਦਬੀ ਦੀਆ ਘਟਨਾਵਾ ਇੱਕ ਗਹਿਰੀ ਸਾਜਿਸ਼ ਦਾ ਸਿੱਟਾ ਹਨ । ਹੁਣ ਜਦ ਸਰਕਾਰਾ ਇਹਨਾ ਘੌਰ ਬੇਅਦਬੀ ਦੀਆ ਘਟਨਾਵਾ ਦਾ ਇਨਸਾਫ ਨਹੀ ਕਰ ਸਕੀਆ ਤਾ ਫਿਰ ਸਿੱਖ ਸੰਗਤਾ ਆਪਣੇ ਆਪ ਇਨਸਾਫ ਕਰਨ ਲੱਗੀਆ ਹਨ ।ਪਾਰਟੀ ਦੇ ਜਨਰਲ ਸਕੱਤਰ ਸ੍ਰ ਕਰਨੈਲ ਸਿੰਘ ਪੀਰਮੁਹੰਮਦ , ਸ੍ਰੋਮਣੀ ਅਕਾਲੀ ਦਲ ਸੰਯੁਕਤ ਦੇ ਸੀਨੀਅਰ ਆਗੂ ਸ੍ਰ ਰਵਿੰਦਰ ਸਿੰਘ ਬ੍ਰਹਮਪੁਰਾ ਸਾਬਕਾ ਵਿਧਾਇਕ ਖਡੂਰ ਸਾਹਿਬ ਨੇ ਬਿਆਨ ਜਾਰੀ ਕਰਦਿਆ ਕਿਹਾ ਹੈ ਕਿ ਅਜਿਹੇ ਲੋਕ ਕੀ ਸੋਚ ਕੇ ਲੋਕਾਂ ਦੇ ਹਿਰਦਿਆ ਨੂੰ ਲਗਾਤਾਰ ਵਲੂੰਦਰ ਕੇ ਸਿੱਖਾਂ ਦੇ ਪਾਵਨ ਗੁਰਧਾਮਾਂ ਨੂੰ ਨਿਸ਼ਾਨਾਂ ਬਣਾ ਰਹੇ ਹਨ ,ਇਸ ਦੀ ਜਾਂਚ ਗੰਭੀਰਤਾ ਨਾਲ ਸਿੱਖ ਲੀਡਰਸ਼ਿਪ ਨੂੰ ਦਬਾਅ ਪਾਕੇ ਸਰਕਾਰ ਤੋ ਕਰਵਾਉਣੀ ਚਾਹੀਦੀ ਹੈ ਤਾਂ ਜੋ ਭਵਿੱਖ ਚ ਅਜਿਹੀਆਂ ਮੰਦਭਾਗੀਆਂ ਘਟਨਾਵਾਂ ਨਾਂ ਵਾਪਰਨ ,ਸ੍ਰੋਮਣੀ ਗੁਰਦੁਆਰਾ ਪ੍ਰਬੰਧ ਕ ਕਮੇਟੀ ਦੀ ਟਾਸਕ ਫੋਰਸ ਵਲੋਂ ਉਸ ਵਿਅਕਤੀ ਨੂੰ ਤੁਰੰਤ ਕਾਬੂ ਕਰਨਾ ਅਤਿ ਸਲਾਗਾਯੋਗ ਹੈ ਤੇ ਸੰਗਤ ਵਲੋਂ ਰੋਹ ਵਿਚ ਜੋ ਵੀ ਸੋਧਾ ਲਗਾਇਆ ਗਿਆ ਹੈ ਇਹ ਲਗਾਤਾਰ ਵਾਪਰ ਰਹੀਆਂ ਅਜਿਹੀਆਂ ਘਟਨਾਵਾਂ ਵਿੱਚ ਦੋਸ਼ੀਆਂ ਦਾ ਪਾਗਲ ਕਿਹ ਕੇ ਬਚ ਜਾਣ ਤੇ ਇਨਸਾਫ ਨਾ ਮਿਲਣ ਕਰਕੇ ਆਪਣੇ ਗੁਰੂ ਦਾ ਕੋਈ ਸਿੱਖ ਵੀ ਨਿਰਾਦਰ ਨਹੀ ਸਹਾਰ ਸਕਦਾ। ਜਿਸ ਕਾਰਨ ਹੀ ਉਨ੍ਹਾਂ ਵਲੋ ਗੁੱਸੇ ਵਿਚ ਅਜਿਹਾ ਕਰਨਾ ਸੁਭਾਵਿਕ ਵਰਤਾਰਾ ਹੈ ਜਿਸ ਨਾਲ ਅਜਿਹੇ ਗੁਨਾਹ ਕਰਨ ਵਾਲਿਆ ਨੂੰ ਵੀ ਸਬਕ ਮਿਲੇਗਾ ਕਿ ਅਜਿਹਿ ਕਰਨ ਤੇ ਕੀ ਹੋ ਸਕਦਾ ਹੈ । ਸ੍ਰ ਰਵਿੰਦਰ ਸਿੰਘ ਬ੍ਰਹਮਪੁਰਾ ਅਤੇ ਸ੍ਰ ਕਰਨੈਲ ਸਿੰਘ ਪੀਰਮੁਹੰਮਦ ਨੇ ਬਹੁਤ ਹੀ ਗੰਭੀਰ ਸਵਾਲ ਖੜਾ ਕਰਦਿਆ ਕਿਹਾ ਕਿ ਇਹਨਾਂ ਬੇਅਦਬੀ ਦੀਆ ਘਟਨਾਵਾ ਦਾ ਕਿਸ ਰਾਜਨੀਤਿਕ ਪਾਰਟੀ ਨੂੰ ਹੈ ਇਹ ਵਿਚਾਰ ਕਰਨ ਵਾਲੀ ਹੈ । ਇਹ ਫਿਰਕਾਪ੍ਰਸਤ ਸੋਚ ਵਾਲੀ ਜਿਹਨੀਅਤ ਹੈ ਜਿਸ ਨੂੰ ਚੰਗੀ ਤਰਾ ਸਮਝਕੇ ਸਾਨੂੰ ਭਾਈਚਾਰਕ ਸਾਂਝ ਕਾਇਮ ਰੱਖਣ ਦੀ ਬੇਹੱਦ ਲੋੜ ਹੈ ।ਉਹਨਾਂ ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਅਪੀਲ ਕੀਤੀ ਕਿ ਉਹ ਆਪਣੀ ਟਾਸਕ ਫੋਰਸ ਨੂੰ ਮਾਰਸ਼ਲ ਆਰਟਸ ਦੀ ਟ੍ਰੇਨਿੰਗ ਦੇਣੀ ਚਾਹੀਦੀ ਹੈ ਤਾ ਜੋ ਕਿਸੇ ਵੀ ਸਰਾਰਤੀ ਅਨਸਰ ਨੂੰ ਤੁਰੰਤ ਦਬੋਚ ਲਿਆ ਜਾਵੇ ।

# ਮੁੱਖ ਮੰਤਰੀ ਚੰਨੀ ਵੱਲੋਂ ਸ਼੍ਰੀ ਕ੍ਰਿਸ਼ਨ ਬਲਰਾਮ ਰੱਥ ਯਾਤਰਾ ਨੂੰ 'ਰਾਜ ਉਤਸਵ' ਵਜੋਂ ਮਨਾਉਣ ਦਾ ਕੀਤਾ ਐਲਾਨ

## ਲੁਧਿਆਣਾ ਦੇ ਇਸਕਾਨ ਮੰਦਿਰ ਲਈ 2.51 ਕਰੋੜ ਰੁਪਏ ਦੇਣ ਦੀ ਕੀਤੀ ਘੋਸ਼ਣਾ

**ਲੁਧਿਆਣਾ/ਸੁਖਚੈਨ ਮਹਿਰਾ, ਕਰਨ ਅੱਗਰਵਾਲ**



ਮੁੱਖ ਮੰਤਰੀ ਪੰਜਾਬ ਸ. ਚਰਨਜੀਤ ਸਿੰਘ ਚੰਨੀ ਨੇ ਅੱਜ ਸ਼੍ਰੀ ਕ੍ਰਿਸ਼ਨ ਬਲਰਾਮ ਰੱਥ ਯਾਤਰਾ ਨੂੰ 'ਰਾਜ ਉਤਸਵ' ਵਜੋਂ ਮਨਾਉਣ ਦਾ ਐਲਾਨ ਕੀਤਾ।ਕੈਬਨਿਟ ਮੰਤਰੀ ਸ੍ਰੀ ਭਾਰਤ ਭੂਸ਼ਣ ਆਸ਼ੂ, ਵਿਧਾਇਕਾਂ ਸ੍ਰੀ ਸੁਰਿੰਦਰ ਡਾਵਰ, ਸ੍ਰੀ ਸੰਜੇ ਤਲਵਾੜ ਅਤੇ ਸ. ਕੁਲਦੀਪ ਸਿੰਘ ਵੈਦ ਅਤੇ ਵੱਖ-ਵੱਖ ਉੱਘੀਆਂ ਸਖਸ਼ੀਅਤਾਂ ਦੇ ਨਾਲ ਮੁੱਖ ਮੰਤਰੀ ਅੱਜ ਰੱਥ ਯਾਤਰਾ ਮੌਕੇ ਨਤਮਸਤਕ ਹੋਏ।ਇਸ ਮੌਕੇ ਮੁੱਖ ਮੰਤਰੀ ਸ.ਚਰਨਜੀਤ ਸਿੰਘ ਚੰਨੀ ਨੇ ਲੁਧਿਆਣਾ ਦੇ ਇਸਕਾਨ ਮੰਦਿਰ ਲਈ 2.51 ਕਰੋੜ ਰੁਪਏ ਦੇਣ ਦਾ ਐਲਾਨ ਵੀ ਕੀਤਾ।ਸ੍ਰੀ ਦੁਰਗਾ ਮਾਤਾ ਮੰਦਰ ਨੇੜੇ ਕਰਵਾਏ ਸਮਾਗਮ ਦੌਰਾਨ ਸੰਬੋਧਨ ਕਰਦਿਆਂ ਮੁੱਖ ਮੰਤਰੀ ਸ. ਚੰਨੀ ਨੇ ਕਿਹਾ ਕਿ ਭਗਵਾਨ ਸ੍ਰੀ ਕ੍ਰਿਸ਼ਨ ਜੀ ਦੇ ਸਤਿਕਾਰ ਵਜੋਂ ਪੰਜਾਬ ਸਰਕਾਰ ਵੱਲੋਂ ਹਰ ਸਾਲ ਸ੍ਰੀ ਕ੍ਰਿਸ਼ਨ ਬਲਰਾਮ ਰੱਥ ਯਾਤਰਾ ਨੂੰ 'ਰਾਜ ਉਤਸਵ' ਵਜੋਂ ਮਨਾਇਆ ਜਾਵੇਗਾ।ਭਗਵਤ ਗੀਤਾ ਪ੍ਰਤੀ ਆਪਣੀ ਸ਼ਰਧਾ ਪ੍ਰਗਟ ਕਰਦਿਆਂ ਮੁੱਖ ਮੰਤਰੀ ਨੇ ਦੱਸਿਆ ਕਿ ਜਦੋਂ ਉਹ ਲਗਭਗ 25 ਸਾਲ ਪਹਿਲਾਂ ਕੌਂਸਲਰ ਬਣੇ ਸਨ ਤਾਂ ਇੱਕ ਨੇਕ ਰੂਹ ਨੇ ਉਨ੍ਹਾਂ ਨੂੰ ਮਨ ਦੀ ਸ਼ਾਂਤੀ ਲਈ ਪਵਿੱਤਰ ਭਗਵਦ ਗੀਤਾ ਦਾ ਇੱਕ ਸਲੋਕ ਹਰ ਰੋਜ ਪੜ੍ਹਨ ਦੀ ਸਲਾਹ ਦਿੱਤੀ ਸੀ।ਉਨ੍ਹਾਂ ਕਿਹਾ ਕਿ ਪਵਿੱਤਰ ਗੀਤਾ ਨੇ ਉਨ੍ਹਾਂ ਦੇ ਜੀਵਨ ਨੂੰ ਸੇਧ ਦਿੱਤੀ ਅਤੇ ਕਿਹਾ ਕਿ ਨੌਜਵਾਨਾਂ ਨੂੰ ਵੀ ਭਗਵਦ ਗੀਤਾ ਦੀਆਂ ਸਿੱਖਿਆਵਾਂ ਨੂੰ ਗ੍ਰਹਿਣ ਕਰਨਾ ਚਾਹੀਦਾ ਹੈ ਅਤੇ ਆਪਣੇ ਜੀਵਨ ਵਿੱਚ ਅਮਲ ਕਰਨਾ ਚਾਹੀਦਾ ਹੈ। ਉਨ੍ਹਾਂ ਅੱਗੇ ਕਿਹਾ ਕਿ ਜੇਕਰ ਗੀਤਾ ਵਿੱਚ ਲਿਖੇ ਸ਼ਲੋਕਾਂ ਵਿੱਚੋਂ ਕੋਈ ਵਿਅਕਤੀ ਕਿਸੇ ਇੱਕ ਸ਼ਲੋਕ ਨੂੰ ਧਾਰਨ ਕਰ ਸਕਦਾ ਹੈ, ਤਾਂ ਇਹ ਜੀਵਨ ਵਿੱਚ ਸਫ਼ਲ ਹੋਣ ਲਈ ਕਾਫ਼ੀ ਹੈ।

ਉਨ੍ਹਾਂ ਇਹ ਵੀ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਪਟਿਆਲਾ ਵਿਖੇ 20 ਏਕੜ ਜ਼ਮੀਨ 'ਤੇ ਸ੍ਰੀ ਭਗਵਦ ਗੀਤਾ ਅਤੇ ਰਾਮਾਇਣ ਖੋਜ ਕੇਂਦਰ ਵਿਕਸਤ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਧਾਰਮਿਕ ਗੀਤਾ ਪ੍ਰੇਰਨਾ ਦਾ ਸਭ ਤੋਂ ਵੱਡਾ ਸਰੋਤ ਹੈ ਜੋ ਸਾਨੂੰ ਸਾਡੇ ਜੀਵਨ ਦੀ ਬਿਹਤਰੀ ਵੱਲ ਸੇਧ ਦਿੰਦੀ ਹੈ।ਉਨ੍ਹਾਂ ਕਿਹਾ ਕਿ "ਰਾਮਾਇਣ, ਮਹਾਭਾਰਤ ਅਤੇ ਭਗਵਦ ਗੀਤਾ ਦੇ ਮਹਾਂਕਾਵਿ ਗ੍ਰੰਥਾਂ ਵਿੱਚ ਗਿਆਨ ਦੁਆਰਾ ਸਾਡੇ ਵਿਵੇਕ ਵਿੱਚ ਹੋਰ ਵਾਧਾ ਕਰਨ ਲਈ, ਪਟਿਆਲਾ ਵਿੱਚ ਇੱਕ ਵਿਸ਼ੇਸ਼ ਖੋਜ ਕੇਂਦਰ ਸਥਾਪਤ ਕੀਤਾ ਜਾ ਰਿਹਾ ਹੈ।ਮੁੱਖ ਮੰਤਰੀ ਵੱਲੋਂ 25ਵੀਂ ਸ਼੍ਰੀ ਕ੍ਰਿਸ਼ਨ ਬਲਰਾਮ ਰੱਥ ਯਾਤਰਾ ਨੂੰ ਵੀ ਹਰੀ ਝੰਡੀ ਦੇ ਕੇ ਰਵਾਨਾ ਕੀਤਾ ਗਿਆ। ਕੈਬਨਿਟ ਮੰਤਰੀ ਸ੍ਰੀ ਭਾਰਤ ਭੂਸ਼ਣ ਆਸ਼ੂ ਨੇ ਸ਼੍ਰੀ ਕ੍ਰਿਸ਼ਨ ਬਲਰਾਮ ਰਥ ਯਾਤਰਾ ਦੇ ਪ੍ਰਬੰਧਕਾਂ ਨਾਲ ਆਪਣੀ ਸਾਂਝ ਨੂੰ ਯਾਦ ਕੀਤਾ। ਉਨ੍ਹਾਂ ਕਿਹਾ "ਮੈਨੂੰ ਇਹ ਦੱਸਦੇ ਹੋਏ ਮਾਣ ਮਹਿਸੂਸ ਹੋ ਰਿਹਾ ਹੈ ਕਿ ਮੈਂ ਇਸ ਸਮਾਗਮ ਨਾਲ 1996 ਤੋਂ ਜੁੜਿਆ ਹੋਇਆ ਹਾਂ, ਜਦੋਂ ਮੈਂ ਨਗਰ ਕੌਂਸਲਰ ਸੀ।" ਉਨ੍ਹਾਂ ਕਿਹਾ ਕਿ ਦੋ ਸਾਲਾਂ ਦੇ ਵਕਫ਼ੇ ਤੋਂ ਬਾਅਦ ਕੱਢੀ ਜਾ ਰਹੀ ਇਸ ਰੱਥ ਯਾਤਰਾ ਲਈ ਸ਼ਰਧਾਲੂਆਂ ਵਿੱਚ ਭਾਰੀ ਉਤਸ਼ਾਹ ਹੈ। ਇਸ ਮੌਕੇ ਮੇਅਰ ਸ੍ਰੀ ਬਲਕਾਰ ਸਿੰਘ ਸੰਧੂ, ਸੀਨੀਅਰ ਡਿਪਟੀ ਮੇਅਰ ਸ੍ਰੀ ਸ਼ਾਮ ਸੁੰਦਰ ਮਲਹੋਤਰਾ, ਪੀ.ਐਮ.ਆਈ.ਡੀ.ਬੀ ਦੇ ਚੇਅਰਮੈਨ ਸ.ਅਮਰਜੀਤ ਸਿੰਘ ਟਿੱਕਾ, ਡਿਪਟੀ ਕਮਿਸ਼ਨਰ ਸ੍ਰੀ ਵਰਿੰਦਰ ਕੁਮਾਰ ਸ਼ਰਮਾ, ਪੁਲਿਸ ਕਮਿਸ਼ਨਰ ਸ. ਗੁਰਪ੍ਰੀਤ ਸਿੰਘ ਭੁੱਲਰ ਤੋਂ ਇਲਾਵਾ ਹੋਰ ਵੀ ਹਾਜ਼ਰ ਸਨ।

# ਬੇਅਦਬੀ ਦੇ ਦੋਸ਼ੀ ਨੂੰ ਸੋਧਣਾ ਦਲੇਰਾਨਾ ਕਦਮ : ਸੰਤ ਗਿਆਨੀ ਹਰਨਾਮ ਸਿੰਘ ਖਾਲਸਾ

**☛ ਬੇਅਦਬੀ ਦੀਆਂ ਸਾਜਿਸਾਂ ਨੂੰ ਰੋਕਣ ਲਈ ਪੰਥ ਨੂੰ ਇਕ ਜੁੱਟ ਤੇ ਗੰਭੀਰ ਹੋਣ ਦੀ ਕੀਤੀ ਅਪੀਲ**



**ਮਹਿਤਾ ਚੌਂਕ/ਲੋਕ ਬਾਣੀ**

ਦਮਦਮੀ ਟਕਸਾਲ ਦੇ ਮੁਖੀ ਤੇ ਸੰਤ ਸਮਾਜ ਦੇ ਪ੍ਰਧਾਨ ਸੰਤ ਗਿਆਨੀ ਹਰਨਾਮ ਸਿੰਘ ਖਾਲਸਾ ਨੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੀ ਬੇਅਦਬੀ ਦੀ ਕੋਸਸਿ ਦੀ ਸਖਤ ਨਿਖੇਧੀ ਕਰਦਿਆਂ ਇਸ ਨੂੰ ਸਰਕਾਰਾਂ ਦੀ ਦੋਸੀਆਂ ਨੂੰ ਸਜਾਵਾਂ ਦੇਣ ਪ੍ਰਤੀ ਅਸਫਲਤਾ ਨੂੰ ਜੰਿਮੇਵਾਰ ਠਹਿਰਾਇਆ। ਉਨ੍ਹਾਂ ਕਿਹਾ ਕਿ ਕੇਂਦਰ ਅਤੇ ਰਾਜ ਸਰਕਾਰਾਂ ਨੇ ਬੇਅਦਬੀ ਦੇ ਦੋਸੀਆਂ ਪ੍ਰਤੀ ਠੋਸ ਕਾਰਵਾਈ ਨਾ ਕਰਨ ਕਰ ਕੇ ਹੀ ਦੋਸੀਆਂ ਦੇ ਹੌਸਲੇ ਇੰਨੇ ਵਧ ਗਏ ਹਨ ਕਿ ਉਹ ਪਹਿਲਾਂ ਤਖਤ ਸ੍ਰੀ ਕੇਸਗੜ੍ਹ ਸਾਹਿਬ ਅਤੇ ਹੁਣ ਸੱਚਖੰਡ ਸ੍ਰੀ ਹਰਮਿੰਦਰ ਸਾਹਿਬ ਦੇ ਅੰਦਰ ਵੀ ਪ੍ਰਵੇਸ ਕਰ ਗਏ ਹਨ। ਉਨ੍ਹਾਂ ਦਰਸਨ ਕਰਨ ਬਹਾਨੇ ਸਰਧਾਲੂ ਨਾਲ ਆਏ ਦੋਸੀ ਵਿਅਕਤੀ ਨੂੰ ਪਰੰਪਰਾ ਮੁਤਾਬਿਕ ਸੋਧੇ ਜਾਣ ਦੇ ਦਲੇਰਾਨਾ ਕਦਮ ਉੱਤੇ ਸ੍ਰੋਮਣੀ ਕਮੇਟੀ ਦੇ ਸੱਚਖੰਡ ਵਿਖੇ ਮੌਜੂਦ ਮੁਲਾਜਮਾਂ ਅਤੇ ਸੰਗਤਾਂ ਦੀ ਸਲਾਘਾ ਕੀਤੀ ਅਤੇ ਸਰਕਾਰ ਨੂੰ ਦੋਸੀ ਵਿਅਕਤੀ ਨੂੰ ਸੋਧਣ ਵਾਲਿਆਂ ਖਲਿਾਫ ਕਾਰਵਾਈ ਨਾ ਕਰਨ ਲਈ ਕਿਹਾ।ਉਨ੍ਹਾਂ ਕਿਹਾ ਕਿ ਪੰਜਾਬ ਅਤੇ ਪੰਜਾਬ ਤੋਂ ਬਾਹਰ ਨਿੱਤ ਦਿਨ ਬੇਅਦਬੀ ਦੀਆਂ ਸਾਹਮਣੇ ਆ ਰਹੀਆਂ ਘਟਨਾਵਾਂ ਨੇ ਨਾਨਕ ਨਾਮ ਲੇਵਾ ਸੰਗਤਾਂ ਦੇ ਹਿਰਦਿਆਂ ਨੂੰ ਅਤਿਅੰਤ ਦੁਖੀ ਕੀਤਾ ਹੋਇਆ ਹੈ। ਉਨ੍ਹਾਂ ਸਰਕਾਰਾਂ ਨੂੰ ਬੇਅਦਬੀ ਦੇ ਪਿੱਛੇ ਕਾਰਜਸੀਲ ਸਕਤੀਆਂ ਨੂੰ ਬੇਨਕਾਬ ਕਰਨ ਦੀ ਅਪੀਲ ਕੀਤੀ ਅਤੇ ਦੋਸੀਆਂ ਨੂੰ ਸਖਤ ਤੋਂ ਸਖਤ ਸਜਾਵਾਂ ਦੇਣ ਨੂੰ ਯਕੀਨੀ ਬਣਾਉਣ ਅਤੇ ਲੋੜ ਪੈਣ ਉੱਤੇ ਸਖਤ ਕਾਨੂੰਨ ਲਿਆਉਣ ਲਈ ਵੀ ਕਿਹਾ।ਉਨ੍ਹਾਂ ਕਿਹਾ ਕਿ 1978 ਤੋਂ ਜੋ ਬੇਅਦਬੀਆਂ ਹੋਈਆਂ ਤੇ ਸਿੱਖ ਸੰਘਰਸ ਚੱਲਿਆ ਜਿਸ ਦੌਰਾਨ ਹਜਾਰਾਂ ਸਿੱਖ ਨੌਜਵਾਨਾਂ ਨੂੰ ਕੁਰਬਾਨੀਆਂ ਦੇਣੀਆਂ ਪਈਆਂ। ਸੈਂਕੜੇ ਜੇਲ੍ਹ ਦੀਆਂ ਕਾਲ ਕੋਠੜੀਆਂ 'ਚ ਬੰਦ ਰਹੇ।

ਉਨ੍ਹਾਂ ਕਿਹਾ ਕਿ ਬੇਅਦਬੀਆਂ ਦੀਆਂ ਅੱਜ ਤਕ ਚੱਲ ਰਹੀਆਂ ਸਾਜਸਿਾਂ ਨੂੰ ਠਲ ਪਾਉਣ ਲਈ. ਸਮੂਹ ਸੰਗਤਾਂ ਸਿੱਖ ਜਥੇਬੰਦੀਆਂ ਨੂੰ ਇਕ ਝੰਡੇ ਹੇਠ ਇਕੱਤਰ ਹੋਣ ਅਤੇ ਗੰਭੀਰ ਵਿਚਾਰਾਂ ਉਪਰੰਤ ਸਖਤ ਕਦਮ ਚੁੱਕੇ ਜਾਣ ਦੀ ਅਪੀਲ ਕੀਤੀ। ਉਨ੍ਹਾਂ ਭਵਿੱਖ 'ਚ ਪੰਥ ਦੋਖੀਆਂ ਵੱਲੋਂ ਅਜਿਹੀਆਂ ਬੇਅਦਬੀਆਂ ਕਰਨ ਕਰਾਉਣ ਦੀਆਂ ਸਾਜਸਿਾਂ ਪ੍ਰਤੀ ਸੁਚੇਤ ਰਹਿਣ ਲਈ ਵੀ ਕਿਹਾ। ਉਨ੍ਹਾਂ ਕਾਨੂੰਨ ਦੇ ਰਾਖਿਆਂ ਪੁਲੀਸ ਸਾਜਾਂ ਅਤੇ ਅਦਾਲਤਾਂ ਦੀ ਇਸ ਪ੍ਰਤੀ ਢਿੱਲਮੱਠ 'ਤੇ ਵੀ ਅਫਸੋਸ ਪ੍ਰਗਟ ਕੀਤਾ।ਉਨ੍ਹਾਂ ਗੁਰੂ ਸਾਹਿਬ ਅੱਗੇ ਬੇਅਦਬੀਆਂ ਨੂੰ ਰੋਕਣ ਲਈ ਉਤਸਾਹ ਅਤੇ ਸੂਰਬੀਰਤਾ ਵਾਲੇ ਗੁਣ ਪੰਥ ਵਿਚ ਭਰਨ ਪ੍ਰਤੀ ਅਰਦਾਸ ਕਰਨ ਲਈ ਵੀ ਅਪੀਲ ਕੀਤੀ।

# ਚਾਰ ਸਾਹਿਬਜਾਦਿਆਂ ਦੀ ਸਹੀਦੀ ਨੂੰ ਸਮਰਪਿਤ 16ਵਾ ਫੁੱਟਬਾਲ ਟੂਰਨਾਮੈਂਟ ਲਈ ਪੋਸਟਰ ਰਿਲੀਜ : ਪ੍ਰਧਾਨ ਸੈਣੀ



**ਸਹੀਦ ਭਗਤ ਸਿੰਘ ਨਕਰ /ਗੁਰਪ੍ਰੀਤ ਵਾਸੂ/ਰਾਜ ਕੁਮਾਰ**

ਯੂਥ ਫੁੱਟਬਾਲ ਵੈਲਫੇਅਰ ਕਲੱਬ ਰਜਿ ਨਵਾਂਸਹਿਰ ਦੇ ਪ੍ਰਧਾਨ ਕਰਨਜੀਤ ਸਿੰਘ ਸੈਣੀ ਅਤੇ ਵਰਿੰਦਰ ਸਿੰਘ ਸੈਣੀ ਦੀ ਅਗਵਾਈ ਹੇਠ 16ਵਾ ਫੁੱਟਬਾਲ ਟੂਰਨਾਮੈਂਟ 25 ਦਸੰਬਰ ਤੋਂ 30 ਦਸੰਬਰ ਤੱਕ ਚਾਰ ਸਾਹਿਬਜਾਦਿਆਂ ਦੀ ਸਹੀਦੀ ਨੂੰ ਸਮਰਪਿਤ ਜੇ ਐਸ ਐਫ ਐਚ ਖਾਲਸਾ ਸੀਨੀਅਰ ਸੈਕੰਡਰੀ ਸਕੂਲ ਨਵਾਂਸਹਿਰ ਵਿਖੇ ਕਰਵਾਏ ਜਾਣ ਲਈ ਪੋਸਟਰ ਰਿਲੀਜ ਕੀਤਾ ਗਿਆ। ਪ੍ਰਧਾਨ ਕਰਨਜੀਤ ਸਿੰਘ ਅਤੇ ਵਰਿੰਦਰ ਸਿੰਘ ਸੈਣੀ ਸੈਕਟਰੀ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਟੂਰਨਾਮੈਂਟ ਵਿੱਚ ਕੁਲ 32ਟੀਮਾ ਅਤੇ 8ਬੱਚਿਆ ਦੀ ਪਿੰਡ ਪੱਧਰ ਦੀਆਂ ਟੀਮਾਂ ਭਾਗ ਲੈ ਰਹੀਆਂ ਹਨ। ਉਨਾਂ ਕਿਹਾ ਕਿ ਇਸ ਵਾਰ ਦੋ ਸੋਅ ਮੈਚ ਕਰਵਾਏ ਜਾਣਗੇ।ਗੁਰੂ ਕਾ ਲੰਗਰ ਅਤੁੱਟ ਵਰਤਿਆ ਜਾਵੇਗਾ।ਇਸ ਮੌਕੇ ਗੁਰਕੀਰਤ ਸਿੰਘ ਗਰਚਾ ਕਨੇਡਾ, ਚੇਤ ਰਾਮ ਰਤਨ ਸੀਨੀਅਰ ਕੌਂਸਲਰ,ਡਾ ਗੁਰਮਿੰਦਰ ਸਿੰਘ ਬਡਵਾਲ, ਪ੍ਰਦੀਪ ਕੁਮਾਰ, ਗੁਰਵਿੰਦਰ ਸਿੰਘ ਗਰਚਾ, ਕੁਲਦੀਪ ਸਿੰਘ, ਅਮਰਜੀਤ ਸਿੰਘ ਭਾਨਮਜਾਰਾ, ਜਸਵੰਤ ਸਿੰਘ, ਕੁਲਵਿੰਦਰ ਸਿੰਘ, ਸਰਨਦੀਪ ਸਿੰਘ, ਆਦਿ ਹਾਜਰ ਸਨ।

# ਮਹਿਲਾਵਾਂ 'ਚ ਹਜਾਰ ਰੁਪਏ ਦੀ ਗਰੰਟੀ ਦੇ ਲਈ ਫਾਰਮ ਭਰਨ 'ਚ ਉਤਸ਼ਾਹ : ਨਵਦੀਪ ਸੰਘਾ



**ਮੋਗਾ/ਦਵਿੰਦਰ ਸਿੰਘ ਬਿੱਟੂ**

ਅਰਵਿੰਦ ਕੇਜਰੀਵਾਲ ਦੀ ਤੀਸਰੀ ਗਰੰਟੀ, ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਬਣਨ ਤੋਂ ਬਾਅਦ ਅਠਾਰਾਂ ਸਾਲ ਤੋਂ ਉੱਪਰ ਹਰੇਕ ਮਹਿਲਾ ਨੂੰ ਹਜ਼ਾਰ ਰੁਪਿਆ ਮਾਸਿਕ ਭੱਤਾ ਦਿੱਤਾ ਜਾਵੇਗਾ। ਇਸ ਗਰੰਟੀ ਦੇ ਨਾਲ ਹਰ ਪਿੰਡ ਅਤੇ ਸ਼ਹਿਰ ਦੀਆਂ ਮਹਿਲਾਵਾਂ ਵਿੱਚ ਬਹੁਤ ਹੀ ਜਿਆਦਾ ਉਤਸ਼ਾਹ ਪਾਇਆ ਜਾ ਰਿਹਾ ਹੈ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਹਲਕਾ ਇੰਚਾਰਜ ਨਵਦੀਪ ਸੰਘਾ ਨੇ ਪਿੰਡ ਨਿਧਾਂਵਾਲਾ ਅਤੇ ਡਗਰੂ ਵਿਖੇ ਇਕ ਜਨ ਸਭਾ ਨੂੰ ਸੰਬੋਧਿਤ ਕਰਦਿਆਂ ਹੋਇਆ ਕੀਤਾ।ਨਵਦੀਪ ਸੰਘਾ ਨੇ ਕਿਹਾ ਕਿ ਮਹਿਲਾਵਾਂ ਵੱਲੋਂ ਤੀਸਰੀ ਗਰੰਟੀ ਦੇ ਫਾਰਮ ਭਰਨ ਚ ਦਿਖਾਈ ਜਾ ਰਹੀ ਦਿਲਚਸਪੀ ਸਾਬਤ ਕਰਦੀ ਹੈ ਕਿ ਆਮ ਆਦਮੀ ਪਾਰਟੀ ਪ੍ਰਤੀ ਲੋਕਾਂ ਚ ਹਰਮਨ ਪਿਆਰਤਾ ਵਧ ਰਹੀ ਹੈ।ਉਨ੍ਹਾਂ ਕਿਹਾ ਕਿ ਕਾਂਗਰਸ,ਅਕਾਲੀ ਦਲ ਤੇ ਭਾਜਪਾ ਦੀ ਪਾਰਟੀਆਂ ਨੇ ਪੰਜਾਬ ਤੇ ਪੰਜਾਬੀਆਂ ਲਈ ਕੁਝ ਨਹੀਂ ਕੀਤਾ।ਕੋਈ ਤਰੱਕੀ ਤੇ ਵਿਕਾਸ ਨਹੀਂ ਕੀਤਾ। ਸਗੋਂ ਇਨ੍ਹਾਂ ਪਾਰਟੀਆਂ ਦੇ ਆਗੂਆਂ ਨੇ "ਉਤਰ ਕਾਟੋ ਮੈਂ ਚੜ੍ਹਾਂ" ਦੀ ਨੀਤੀ ਅਖਤਿਆਰ ਕਰਕੇ ਵਾਰੋ ਵਾਰੀ ਪੰਜਾਬ ਤੇ ਪੰਜਾਬੀਆਂ ਨੂੰ ਲੁੱਟਿਆ ਹੈ। ਇਸ ਸੱਭ ਤੋਂ ਲੋਕ ਜਾਣੂ ਹਨ ਇਸ ਵਾਰ ਪੰਜਾਬ ਦੇ ਲੋਕ ਤੀਜੇ ਬੱਦਲ ਦੇ ਰੂਪ ਚ' ਆਮ ਆਦਮੀ ਪਾਰਟੀ ਦੀ ਸਰਕਾਰ ਬਣਾਉਣ ਜਾ ਰਹੇ ਹਨ। ਇਸ ਦੀ ਜਾਣਕਾਰੀ ਮੀਡੀਆ ਨੂੰ ਦਿੰਦੇ ਹੋਏ ਸੋਨੀਆ ਢੰਡ ਜਲ੍ਹਿਾ ਮਹਿਲਾ ਵਿੰਗ ਇੰਚਾਰਜ ਨੇ ਕਿਹਾ ਕਿ ਸੂਬੇ ਦੇ ਲੋਕ ਇਨ੍ਹਾਂ ਨੂੰ ਸਮਝ ਚੁੱਕੇ ਹਨ ਤੇ ਦੁਖੀ ਹਨ। ਇਸ ਲਈ ਸੂਬੇ ਦੇ ਲੋਕ ਆਉਂਦੀਆਂ 2022 ਦੀਆਂ ਚੋਣਾਂ ਚ ਕਾਂਗਰਸ ,ਅਕਾਲੀ ਦਲ ਤੇ ਬਸਪਾ ਨੂੰ ਸੱਤਾ ਤੋਂ ਲਾਂਭੇ ਕਰਨ ਦਾ ਮਨ ਬਣਾਈ ਬੈਠੇ ਹਨ ।

ਇਸ ਮੌਕੇ ਆਮ ਆਦਮੀ ਪਾਰਟੀ ਦੇ ਅਮਨ ਰੱਖੜਾ, ਸੁਖਦੀਪ ਧਾਮੀ, ਸੁਖਦਰਸ਼ਨ ਗਰੇਵਾਲ, ਮਨਪ੍ਰੀਤ ਰਿੰਕੂ, ਦੀਪਿਕਾ ਸੰਘਾ, ਪਰਸ਼ਿਨ ਕੌਰ, ਰਾਜ ਕੁਮਾਰ ਸ਼ਰਮਾ, ਪਰਮਜੀਤ ਪੰਮਾ ਅਤੇ ਹੋਰ ਆਪ ਆਗੂ ਅਤੇ ਭਾਰੀ ਗਿਣਤੀ ਵਿਚ ਪਿੰਡ ਵਾਸੀ ਸ਼ਾਮਲ ਸਨ।

# ਗਾਇਕਾ ਸ਼ਾਮਲੀ ਧਾਲੀਵਾਲ ਦੀ ਅਵਾਜ਼ ਵਿਚ ਛੋਟੇ ਸਾਹਿਬਜਾਦਿਆਂ ਦੀ ਲਾਸਾਨੀ ਸ਼ਹਾਦਤ ਨੂੰ ਸਮਰਪਿਤ ਗੀਤ, 'ਗੋਬਿੰਦ ਦੇ ਲਾਲ' ਰਿਲੀਜ਼




**ਚੰਡੀਗੜ੍ਹ/ਪ੍ਰੀਤਮ ਲੁਧਿਆਣਵੀ**

ਗੋਲਡ ਵਾਈਬਸ ਸਟੂਡੀਓਜ ਦੀ ਪੇਸ਼ਕਸ਼ ਛੋਟੇ ਸਾਹਿਬਜਾਦਿਆਂ ਦੀ ਲਾਸਾਨੀ ਸ਼ਹਾਦਤ ਨੂੰ ਸਮਰਪਿਤ ਗੀਤ, 'ਗੋਬਿੰਦ ਦੇ ਲਾਲ' ਰਿਲੀਜ਼ ਕੀਤਾ ਗਿਆ। 'ਗੋਬਿੰਦ ਦੇ ਲਾਲ' ਗੀਤ ਨੂੰ ਕਲਮਬੱਧ ਕੀਤਾ ਹੈ ਸਵ: ਗੀਤਕਾਰ ਦੀਪ ਮਗਰੋੜ ਨੇ ਅਤੇ ਇਸ ਗੀਤ ਨੂੰ ਗਾਇਕਾ ਸ਼ਾਮਲੀ ਧਾਲੀਵਾਲ ਨੇ ਆਪਣੀ ਬੁਲੰਦ ਆਵਾਜ ਵਿੱਚ ਰਿਕਾਰਡ ਕੀਤਾ ਹੈ। ਪ੍ਰੈਸ ਨੂੰ ਜਾਣਕਾਰੀ ਦਿੰਦਿਆਂ ਗੀਤਕਾਰ ਰਾਜੂ ਨਾਹਰ ਨੇ ਦੱਸਿਆ ਕਿ ਸੰਗੀਤਕਾਰ ਲਾਲੀ ਧਾਲੀਵਾਲ ਜੀ ਦੇ ਆਸ਼ੀਰਵਾਦ ਸਦਕਾ ਗੀਤ ਨੂੰ ਸੰਗੀਤਕ ਧੁਨਾਂ ਨਾਲ ਸ਼ਿੰਗਾਰਿਆ ਹੈ ਸੰਗੀਤਕਾਰ ਸਿਮਰਨ ਧਾਲੀਵਾਲ ਨੇ ਜੋ ਕਿ ਗੋਲਡ ਵਾਈਬਸ ਦੇ ਨਾਮ ਨਾਲ ਹਾਜ਼ਰ ਹੋਏ ਹਨ। ਇਸ ਧਾਰਮਿਕ ਗੀਤ ਦਾ ਪੋਸਟਰ ਡਿਜਾਇਨ ਪਰਵਿੰਦਰ ਟੋਨੀ ਨੇ ਤਿਆਰ ਕੀਤਾ ਹੈ ਅਤੇ ਇਸ ਗੀਤ ਨੂੰ ਗੋਲਡ ਵਾਈਬਸ ਸਟੂਡੀਓਜ ਵੱਲੋਂ ਰਿਲੀਜ ਕੀਤਾ ਗਿਆ ਹੈ। ਉਮੀਦ ਹੈ ਕਿ ਸਿੱਖ ਸੰਗਤਾਂ ਵੱਲੋਂ ਇਸ ਗੀਤ ਨੂੰ ਭਰਪੂਰ ਮੋਹ-ਪਿਆਰ ਤੇ ਸਤਿਕਾਰ ਮਿਲੇਗਾ।

# ਝੂਠੇ ਲੀਡਰਾਂ ਨੂੰ ਲੋਕ ਕਦੇ ਮਾਫ ਨਹੀਂ ਕਰਨਗੇ, ਅਜਿਹੇ ਲੀਡਰਾਂ ਨੂੰ ਬਾਹਰ ਦਾ ਰਸਤਾ ਦਿਖਾਉਣ ਗਰ : ਲਾਭ ਸਿੰਘ ਕੌੜੀ



**ਖੰਨਾ/ਤੇਜਿੰਦਰ ਸਿੰਘ ਆਰਟਿਸਟ**

ਚੋਣਾਂ ਦੇ ਦੌਰ ਵਿੱਚ ਪਿੰਡਾਂ ਦੇ ਲੋਕਾਂ ਦੇ ਲੋਕਾਂ ਵੱਲੋਂ ਜਿਨ੍ਹਾਂ ਨੂੰ ਭਰਪੂਰ ਸਮਰਥਨ ਮਿਲ ਰਿਹਾ ਹੈ ਅਤੇ ਭ੍ਰਿਸਟਾਚਾਰ ਵਿਰੁੱਧ ਲਗਾਤਾਰ ਲੰਬੀ ਕਾਨੂੰਨੀ ਲੜਾਈ ਲੜ ਰਹੇ , ਉਘੇ ਸਮਾਜ ਸੇਵਕ ਲਾਭ ਸਿੰਘ ਕੌੜੀ (ਸਾਬਕਾ ਬਾਕਸਿੰਗ ਕੋਚ ਸਪੋਰਟਸ ਅਥਾਰਟੀ ਆਫ ਇੰਡੀਆ) ਨੇ ਅੱਜ ਆਪਣੇ ਹੀ ਪਿੰਡ ਕੌੜੀ ਤੋਂ ਲੋਕਾਂ ਵਿੱਚ ਜਾਗਰੂਕਤਾ ਲੈਕੇ ਆਉਣ ਲਈ ਜੰਗ ਦੀ ਸੁਰੂਆਤ ਕੀਤੀ।ਲੋਕਾਂ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ ਕਿ ਤੁਸੀਂ ਸੁਣਿਆ ਜਾਂ ਪੜ੍ਹਿਆ ਹੋਵੇਗਾ ਕਿ ਪੰਜਾਬ ਦੀਆਂ ਸੜਕਾਂ ਨੂੰ ਵਿਦੇਸੀ ਮਾਡਲ ਬਣਾਉਣ ਲਈ ਅਕਸਰ ਅਖਬਾਰਾਂ ਵਿੱਚ ਵੱਡੇ-ਵੱਡੇ ਬਿਆਨ ਦਿੱਤੇ ਜਾਂਦੇ ਹਨ ਅਤੇ ਨੇਤਾ ਸੜਕਾਂ ਦਾ ਉਦਘਾਟਨ ਕਰਕੇ ਵਾਹ ਵਾਹੀ ਖੱਟ ਰਹੇ ਹਨ ਪਰ ਅਜਿਹੇ ਬਿਆਨਾਂ ਅਤੇ ਉਦਘਾਟਨਾਂ ਦਾ ਪਰਦਾਫਾਸ ਕਰਦਿਆਂ ਸਾਬਕਾ ਬਾਕਸਿੰਗ ਕੋਚ ਸਪੋਰਟਸ ਅਥਾਰਟੀ ਆਫ ਇੰਡੀਆ ਲਾਭ ਸਿੰਘ ਕੌੜੀ ਨੇ ਲੋਕਾਂ ਨੂੰ ਕਿਹਾ ਕਿ ਉਨ੍ਹਾਂ ਨੂੰ ਯਾਦ ਹੈ ਜੋ ਸਾਲਾਂ ਤੋਂ ਟੂਟੀਆਂ ਹੋਇਆ ਸੜਕਾਂ ਅਤੇ ਜਿਨਾ ਵਿਚ ਵੱਡੇ-ਵੱਡੇ ਟੋਏ ਜਿੱਥੇ ਹਾਦਸਿਆਂ ਨੂੰ ਜਨਮ ਦੇ ਰਹੇ ਹਨ, ਉੱਥੇ ਲੋਕਾਂ ਲਈ ਜਾਨਲੇਵਾ ਵੀ ਬਣ ਰਹੇ ਹਨ ਅਤੇ ਇਸ ਕੁਸਾਸਨ ਨੂੰ ਲੋਕ ਕਦੇ ਮੁਆਫ ਨਹੀਂ ਕਰਨਗੇ ਅਤੇ ਪੰਜਾਬ ਵਿੱਚ ਪਾਰਟੀਆਂ ਦੇ ਆਗੂਆਂ ਵੱਲੋਂ ਚਲਾਏ ਜਾ ਰਹੇ ਕੁਪ੍ਰਬੰਧ ਇਸ ਵਾਰ ਚੋਣਾਂ ਵਿੱਚ ਅਜਿਹੇ ਆਗੂਆਂ ਨੂੰ ਬਾਹਰ ਦਾ ਰਸਤਾ ਦਿਖਾਉਣਗੇ। ਚੋਣ ਮੈਨੀਫੈਸਟੋ, ਜਿਸ ਨੂੰ ਵਾਅਦਿਆਂ ਦਾ ਪੱਤਰ ਵੀ ਕਿਹਾ ਜਾ ਸਕਦਾ ਹੈ, ਲਾਲਚ ਦੇਕੇ ਸਾਈਕਲਾਂ, ਫੋਨ, ਲੈਪਟਾਪ ਅਤੇ ਸਗਨ ਸਕੀਮਾਂ ਵਿੱਚ ਵਾਧਾ ਕਰਨਾ ਹੈ ਅਤੇ ਹੁਣ ਹਰ ਮਹੀਨੇ ਖਾਤੇ ਵਿੱਚ ਨਕਦੀ ਪਾਉਣ ਦਾ ਮੁਕਾਬਲਾ ਹੈ, ਜਿਹੜੇ ਨੇਤਾਵਾਂ ਨੇ ਤੁਹਾਡੇ ਵਲ ਪਿੱਛਲੇ ਸਾਢੇ ਚਾਰ ਸਾਲ ਦੇਖਿਆ ਤੱਕ ਨਹੀਂ ਵੋਟਾਂ ਵੇਲੇ 'ਰਾਜ ਨਹੀਂ ਸੇਵਾ' 'ਸਭਕਾ ਸਾਥ - ਸਭਕਾ ਵਿਕਾਸ' ਵਰਗੇ ਨਾਅਰਿਆਂ ਨਾਲ ਜਨਤਾ ਨੂੰ ਲੁਭਾਉਣ ਲਈ ਫਿਰ ਤੋਂ ਅਜਿਹੇ ਝੂਠੇ ਵਾਅਦਿਆਂ 'ਤੇ ਜੋ ਹੁਣ ਐਲਾਨ ਕੀਤੇ ਜਾ ਰਹੇ ਹਨ ਅਤੇ ਲੋਕਾਂ ਨੂੰ ਇੰਝ ਲੱਗਦਾ ਹੈ ਜਿਵੇਂ ਸਰਕਾਰ ਹੁਣੇ ਹੀ ਨੀਂਦ ਤੋਂ ਜਾਗ ਪਈ ਹੋਵੇ, ਰੋਜਾਨਾ ਅਖਬਾਰਾਂ ਟੀ.ਵੀ ' ਨੇਤਾਵਾਂ ਦਾ ਪ੍ਰਚਾਰ ਕਰਦੇ ਨਜਰ ਆਉਂਦੇ ਹਨ ਪਰ ਕੀ ਤੁਸੀਂ ਕਦੇ ਸੋਚਿਆ ਹੈ ਕਿ ਅਜਿਹੇ ਕਈ ਨੇਤਾ ਸਰਕਾਰ ਵਿੱਚ ਬੈਠੇ ਹਨ, ਉਨ੍ਹਾਂ ਦੇ ਰਿਸਤੇਦਾਰਾਂ ਨੇ ਦੋਵਾਂ ਹੱਥਾਂ ਨਾਲ ਬਹੁਤ ਸਾਰੀ ਦੌਲਤ ਇਕੱਠੀ ਕੀਤੀ ਹੈ। ਅਤੇ ਤੁਹਾਡੇ ਨਾਲ਼ ਕੀਤੇ ਗਏ ਵਾਅਦੇ ਪੂਰੇ ਨਹੀਂ ਕੀਤੇ ਕਿ ਤੁਸੀਂ ਅਜਿਹੇ ਲੋਕਾਂ ਨੂੰ ਪੰਜਾਬ ਦੀ ਦੋਬਾਰਾ ਬਾਗ ਡੋਰ ਸੰਭਾਲੋਗੇਂ ਇਹ ਤੁਹਾਡੇ ਹੱਥ ਵਿੱਚ ਹੈ।

# ਮਾਮਲਾ ਜੰਗਲਾਤ ਵਿਭਾਗ ਵੱਲੋਂ ਕਿਸਾਨਾਂ ਦੀ 27550 ਏਕੜ ਜ਼ਮੀਨ ਨੂੰ ਆਪਣੇ ਨਾਂ ਕਰਵਾਉਣ ਦਾ

## ਕਿਸਾਨ ਸੰਘਰਸ ਮੋਰਚਾ ਧਾਰ ਕਲਾਂ ਵੱਲੋਂ ਕੀਤਾ ਗਿਆ ਕਿਸਾਨ ਰੈਲੀ ਦਾ ਆਯੋਜਨ

*** ਕਿਸਾਨ ਰੈਲੀ ਵਿੱਚ ਕਾਂਗਰਸ, ਭਾਜਪਾ, ਅਕਾਲੀ-ਬਸਪਾ ਪਾਰਟੀ ਦੇ ਆਗੂਆਂ ਨੇ ਪਹੁੰਚ ਕੇ ਆਪਣਾ ਸਮਰਥਨ ਦਿੱਤਾ**




**ਪਠਾਨਕੋਟ/ਧਾਰ ਕਲਾਂ/ਰਜਨੀਸ ਕਾਲੂ**

ਅੱਜ ਕਿਸਾਨ ਮੋਰਚਾ ਧਾਰ ਕਲਾਂ ਵੱਲੋਂ ਆਪਣੇ ਸੱਦੇ ਅਨੁਸਾਰ ਧਾਰ ਕਲਾਂ ਚੌਂਕ ਵਿਖੇ ਕਿਸਾਨ ਮਹਾਂ ਰੈਲੀ ਦਾ ਆਯੋਜਨ ਕੀਤਾ ਗਿਆ । ਇਸ ਕਿਸਾਨ ਮਹਾਂਰੈਲੀ ਦੀ ਅਗਵਾਈ ਕਿਸਾਨ ਮੋਰਚਾ ਧਾਰ ਕਲਾਂ ਦੇ ਸੰਯੋਜਕ ਠਾਕੁਰ ਸਵਰਨ ਸਿੰਘ ਸਲਾਰੀਆ ਨੇ ਕੀਤੀ। ਇਸ ਕਿਸਾਨ ਮਹਾਂ ਰੈਲੀ ਵਿੱਚ ਭਾਜਪਾ ਦੇ ਸੁਜਾਨਪੁਰ ਦੇ ਵਿਧਾਇਕ ਦਿਨੇਸ ਸਿੰਘ ਬੱਬੂ, ਜਿਲ੍ਹਾ ਭਾਜਪਾ ਪ੍ਰਧਾਨ ਵਿਜੇ ਸਰਮਾ, ਅਕਾਲੀ-ਬਸਪਾ ਗਠਜੋੜ ਦੇ ਆਗੂ ਰਾਜ ਕੁਮਾਰ ਗੁਪਤਾ , ਕਾਂਗਰਸੀ ਆਗੂ ਅਮਿਤ ਸਿੰਘ ਅਤੇ ਆਮ ਆਦਮੀ ਪਾਰਟੀ ਨੇਤਾ ਬਾਬਾ ਬਿਸ਼ਨ ਸ਼ਾਹ ਨੇ ਵੀ ਸਮੂਲੀਅਤ ਕੀਤੀ। ਸਭ ਤੋਂ ਪਹਿਲਾਂ ਰੈਲੀ ਦੇ ਪ੍ਰਬੰਧਕ ਸਵਰਨ ਸਲਾਰੀਆ ਨੇ ਧਾਰ ਕਲਾਂ ਚੌਕ ਸਥਿਤ ਸਹੀਦ ਰਾਮ ਸਿੰਘ ਪਠਾਣੀਆ ਸਮਾਰਕ 'ਤੇ ਸਰਧਾ ਦੇ ਫੁੱਲ ਭੇਂਟ ਕੀਤੇ । ਇਸ ਕਿਸਾਨ ਮਹਾਂ ਰੈਲੀ ਦੇ ਮੰਚ ਦਾ ਸੰਚਾਲਨ ਡਾ: ਅਨਿਲ ਮਹਾਜਨ ਅਤੇ ਗੁਲਜਾਰ ਸਿੰਘ ਨੇ ਕੀਤਾ । ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਾਂਗਰਸੀ ਆਗੂ ਅਮਿਤ ਸਿੰਘ ਨੇ ਕਿਹਾ ਕਿ ਇਹ ਕਿਸੇ ਭਾਜਪਾ ਕਿਸਾਨ ਮੋਰਚੇ ਦੀ ਰੈਲੀ ਨਹੀਂ ਹੈ, ਇਹ ਸਾਰੇ ਕਿਸਾਨਾਂ ਦੀ ਸਾਂਝੀ ਕਿਸਾਨ ਰੈਲੀ ਹੈ ਕਿਉਂਕਿ ਇੱਥੇ ਸਾਰੀਆਂ ਪਾਰਟੀਆਂ ਦੇ ਨੁਮਾਇੰਦੇ ਆਏ ਹਨ। ਉਨ੍ਹਾਂ ਕਿਹਾ ਕਿ ਜੰਗਲਾਤ ਵਿਭਾਗ ਵੱਲੋਂ ਜੋ 27550 ਏਕੜ ਜਮੀਨ ਐਕੁਆਇਰ ਕੀਤੀ ਗਈ ਹੈ, ਉਹ ਸਾਰੇ ਪਾਰਟੀ ਵਰਕਰਾਂ ਤੇ ਆਗੂ ਕਿਸਾਨਾਂ ਦੀ ਜਮੀਨ ਹੈ। ਉਨ੍ਹਾਂ ਕਿਹਾ ਕਿ ਇਹ ਸਾਡੀ ਸਾਰਿਆਂ ਦੀ ਸਾਂਝੀ ਲਹਿਰ ਹੈ, ਇਸੇ ਲਈ ਅੱਜ ਅਸੀਂ ਸਾਰੇ ਇਕੱਠੇ ਹੋਏ ਹਾਂ ਅਤੇ ਭਾਵੇਂ ਕੇਂਦਰ ਸਰਕਾਰ ਹੋਵੇ ਜਾਂ ਸੂਬਾ ਸਰਕਾਰ, ਅਸੀਂ ਮੰਗ ਕਰਦੇ ਹਾਂ ਕਿ ਕਿਸਾਨਾਂ ਦੀਆਂ ਜਮੀਨਾਂ ਐਕਵਾਇਰ ਨਾ ਕੀਤੀਆਂ ਜਾਣ। ਦੂਜੇ ਪਾਸੇ ਭਾਜਪਾ ਵਿਧਾਇਕ ਦਿਨੇਸ ਸਿੰਘ ਬੱਬੂ ਨੇ ਕਿਹਾ ਕਿ ਇਹ ਅੰਦੋਲਨ ਦੋ ਸਾਲ ਪਹਿਲਾਂ ਸੂਰੂ ਹੋਇਆ ਸੀ, ਅਸੀਂ ਦੁਨੇਰਾ ਅਤੇ ਧਾਰ ਵਿੱਚ ਧਰਨੇ ਵੀ ਦਿੱਤੇ ਸਨ ਪਰ ਚੰਗੀ ਗੱਲ ਹੈ ਕਿ ਇਸ ਮਾਮਲੇ ਨੂੰ ਲੈ ਕੇ ਸਾਰੀਆਂ ਪਾਰਟੀਆਂ ਦੇ ਆਗੂ ਇੱਥੇ ਪਹੁੰਚ ਗਏ ਹਨ। ਦੂਜੇ ਪਾਸੇ ਅਕਾਲੀ ਬਸਪਾ ਗਠਜੋੜ ਦੇ ਸਾਂਝੇ ਆਗੂ ਰਾਜ ਕੁਮਾਰ ਗੁਪਤਾ ਨੇ ਕਿਹਾ ਕਿ ਜੇਕਰ ਉਨ੍ਹਾਂ ਦੀ ਸਰਕਾਰ ਆਉਂਦੀ ਹੈ ਤਾਂ ਉਸ ਪਹਿਲ ਦੇ ਆਧਾਰ 'ਤੇ ਕਿਸਾਨਾਂ ਦੀਆਂ ਜਮੀਨਾਂ ਮੁੜ ਉਨ੍ਹਾਂ ਦੇ ਨਾਂ 'ਤੇ ਹੋ ਜਾਣਗੀਆਂ। ਇਸ ਮੌਕੇ ਪੱਤਰਕਾਰਾਂ ਨੂੰ ਸੰਬੋਧਨ ਕਰਦਿਆਂ ਕਿਸਾਨ ਮੋਰਚਾ ਧਾਰ ਕਲਾਂ ਦੇ ਕਨਵੀਨਰ ਸਵਰਨ ਸਿੰਘ ਸਲਾਰੀਆ ਨੇ ਕਿਹਾ ਕਿ ਅੱਜ ਅਸੀਂ 75 ਪੰਚਾਇਤਾਂ ਦੇ ਕਿਸਾਨ ਇਕੱਠੇ ਹੋਏ ਹਾਂ ਕਿਉਂਕਿ ਪੰਜਾਬ ਸਰਕਾਰ ਨੇ 1904 ਵਿੱਚ ਅੰਗਰੇਜਾਂ ਵੱਲੋਂ ਬਣਾਏ ਗਏ ਕਾਨੂੰਨ ਨੂੰ ਅੱਗੇ ਰੱਖਦਿਆਂ ਹੋਏ ਧਾਰ ਬਲਾਕ ਦੀ 27550 ਏਕੜ ਜਮੀਨ ਜਬਰਦਸਤੀ ਆਪਣੇ ਨਾਂ ਕਰਵਾ ਲਈ ਹੈ ਅਤੇ ਰੌਲਾ ਪਾਇਆ ਹੈ ਕਿ ਇਹ ਅਦਾਲਤ ਦਾ ਹੁਕਮ ਹੈ। ਉਨ੍ਹਾਂ ਕਿਹਾ ਕਿ ਉਹ ਉਪ ਮੁੱਖ ਮੰਤਰੀ ਪੰਜਾਬ ਓਪੀ ਸੋਨੀ, ਕੈਬਨਿਟ ਮੰਤਰੀ ਅਰੁਣਾ ਚੌਧਰੀ ਅਤੇ ਮੁੱਖ ਮਾਲ ਕਮਿਸਨਰ ਨੂੰ ਵੀ ਮਿਲ ਚੁੱਕੇ ਹਨ। ਉਨ੍ਹਾਂ ਕਿਹਾ ਕਿ ਉਹ 75 ਪੰਚਾਇਤਾਂ ਦੇ ਕਿਸਾਨਾਂ ਨੂੰ ਭਰੋਸਾ ਦਿਵਾਉਣਾ ਚਾਹੁੰਦੇ ਹਨ ਕਿ ਇਹ ਜਮੀਨਾਂ ਉਨ੍ਹਾਂ ਦੀਆਂ ਹਨ ਅਤੇ ਉਨ੍ਹਾਂ ਦੀਆਂ ਹੀ ਰਹਿਣਗੀਆਂ। ਇਹ ਜਮੀਨਾਂ ਫਿਰ ਉਸ ਦੇ ਨਾਂ ਹੋ ਜਾਣਗੀਆਂ। ਇਸ ਮੌਕੇ ਸਾਬਕਾ ਬਲਾਕ ਸਮਿਤੀ ਚੇਅਰਮੈਨ ਕਰਤਾਰ ਸਿੰਘ, ਸਰਪੰਚ ਗਣੇਸ ਚਰਕ, ਸਰਪੰਚ ਪੂਰਨ ਧੀਮਾਨ, ਸਰਪੰਚ ਰੋਸਨ ਲਾਲ, ਸਰਪੰਚ ਬਲਵਾਨ ਸਿੰਘ, ਸਾਬਕਾ ਸਰਪੰਚ ਮਹਿੰਦਰ ਸਿੰਘ, ਸਾਬਕਾ ਸਰਪੰਚ ਰਣਧੀਰ ਸਿੰਘ, ਨੰਬਰਦਾਰ ਸੁਖਬੀਰ ਸਿੰਘ ਅਤੇ ਇਲਾਕੇ ਦੇ ਕਈ ਕਿਸਾਨਾਂ ਨੇ ਸਮੂਲੀਅਤ ਕੀਤੀ।

# ਕੈਬਨਿਟ ਮੰਤਰੀ ਅਰੁਨਾ ਚੌਧਰੀ 20 ਦਸੰਬਰ ਨੂੰ ਤਹਿਸੀਲ ਦਫ਼ਤਰ ਅਤੇ ਪਟਵਾਰ ਸਟੇਸ਼ਨ ਦੋਰਾਂਗਲਾ ਦਾ ਨੀਂਹ ਪੱਥਰ ਰੱਖਣਗੇ

**ਗੁਰਦਾਸਪੁਰ-ਨਵਨੀਤ ਕੁਮਾਰ/ਮੰਗੋਤਰਾ ਸਾਬ**

ਦੀਨਾਨਗਰ ਵਿਧਾਨ ਸਭਾ ਹਲਕੇ ਦੇ ਬਲਾਕ ਦੋਰਾਂਗਲਾ ਨਾਲ ਸਬੰਧਿਤ 100 ਤੋਂ ਜ਼ਿਆਦਾ ਪਿੰਡਾਂ ਨੂੰ ਸਹੂਲਤ ਮੁਹੱਈਆ ਕਰਵਾਉਣ ਦੇ ਉਦੇਸ਼ ਨਾਲ ਮਨਜ਼ੂਰ ਕਰਵਾਏ ਗਏ ਸਬ ਤਹਿਸੀਲ ਦਫ਼ਤਰ ਅਤੇ ਪਟਵਾਰ ਸਟੇਸ਼ਨ ਦੋਰਾਂਗਲਾ ਦਾ ਨੀਂਹ ਪੱਥਰ ਅੱਜ 20 ਦਸੰਬਰ ਨੂੰ ਪੰਜਾਬ ਦੇ ਕੈਬਨਿਟ ਮੰਤਰੀ ਅਰੁਨਾ ਚੌਧਰੀ ਰੱਖਣਗੇ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸੀਨੀਅਰ ਕਾਂਗਰਸ ਨੇਤਾ ਅਸ਼ੋਕ ਚੌਧਰੀ ਨੇ ਦੱਸਿਆ ਕਿ ਦੋਰਾਂਗਲਾ ਵਿਖੇ ਸਬ ਤਹਿਸੀਲ ਬਣਾਉਣ ਦਾ ਐਲਾਨ ਮੁੱਖ ਮੰਤਰੀ ਪੰਜਾਬ ਚਰਨਜੀਤ ਸਿੰਘ ਚੰਨੀ ਵੱਲੋਂ ਪਿਛਲੇ ਦਿਨੀਂ ਦੀਨਾਨਗਰ ਫੇਰੀ ਦੌਰਾਨ ਕੀਤਾ ਗਿਆ ਸੀ, ਜਿਸਨੂੰ ਕੈਬਨਿਟ ਮੀਟਿੰਗ ਵਿੱਚ ਪਾਸ ਕਰਕੇ ਨੋਟੀਫਿਕੇਸ਼ਨ ਜਾਰੀ ਕੀਤਾ ਗਿਆ। ਕੱਲ੍ਹ ਦੁਪਹਿਰ 12 ਵਜੇ ਇਸਦਾ ਰਸਮੀ ਤੌਰ 'ਤੇ ਨੀਂਹ ਪੱਥਰ ਰੱਖ ਕੇ ਕੈਬਨਿਟ ਮੰਤਰੀ ਅਰੁਨਾ ਚੌਧਰੀ ਵੱਲੋਂ ਇਸ ਪ੍ਰੋਜੈਕਟ ਨੂੰ ਅਮਲੀ ਰੂਪ ਦਿੱਤਾ ਜਾਵੇਗਾ। ਅਸ਼ੋਕ ਚੌਧਰੀ ਨੇ ਦੱਸਿਆ ਕਿ ਇਹ ਪ੍ਰੋਜੈਕਟ ਕੈਬਨਿਟ ਮੰਤਰੀ ਅਰੁਨਾ ਚੌਧਰੀ ਦੇ ਅਣਥੱਕ ਯਤਨਾਂ ਕਾਰਨ ਸੰਭਵ ਹੋਇਆ ਹੈ, ਜਿਸਦੀ ਇਲਾਕੇ ਭਰ 'ਚ ਪ੍ਰਸ਼ੰਸਾ ਹੋ ਰਹੀ ਹੈ।



# ਸੀਨੀਅਰ ਖਿਡਾਰੀ ਮਨਜੀਤ ਕੁਮਾਰ ਜੀ ਨੇ ਆਪਣੇ ਬੇਟੇ ਸਵਿਮ ਦਾ 8ਵਾ ਜਨਮ ਦਿਨ ਫੁੱਟਬਾਲ ਮੈਚ ਕਰਵਾ ਕੇ ਮਨਾਇਆ



**ਸਹੀਦ ਭਗਤ ਸਿੰਘ ਨਕਰ/ਗੁਰਪ੍ਰੀਤ ਵਾਸੂ/ਰਾਜ ਕੁਮਾਰ**

ਤੰਦਰੁਸਤ ਮਿਸ਼ਨ ਪੰਜਾਬ ਅਤੇ ਨਸਾ ਮੁਕਤ ਭਾਰਤ ਅਭਿਆਨ ਤਹਿਤ ਨਸ਼ਿਆ ਤੋ ਦੂਰ ਰਹਿਣ ਦਾ ਸੰਦੇਸ ਦਿਦਿਆ ਅੱਜ ਰੋਜਾਨਾ ਸ ਵੇਰ ਫੁੱਟਬਾਲ ਕਲੱਬ ਨਵਾਂ ਸਹਿਰ ਦੇ ਸੀਨੀਅਰ ਖਿਡਾਰੀ ਮਨਜੀਤ ਕੁਮਾਰ ਜੀ ਨੇ ਆਪਣੇ ਬੇਟੇ ਸਵਿਮ ਦਾ 8 ਵਾਂ ਜਨਮ ਦਿਨ ਫੁੱਟਬਾਲ ਮੈਚ ਕਰਵਾ ਕੇ ਮਨਾਇਆ। ਇਸ ਸਬੰਧੀ ਜਾਣਕਾਰੀ ਦਿੰਦਿਆਂ ਰੋਜਾਨਾ ਸਵੇਰ ਫੁੱਟਬਾਲ ਕਲੱਬ ਦੇ ਚੈਅਰਮੈਨ ਤਰਸੇਮ ਲਾਲ ਡਿਪਟੀ ਸਮੂਹ ਸਿੱਖਿਆ ਅਤੇ ਸੂਚਨਾ ਅਫਸਰ ਨੇ ਦੱਸਿਆ ਕਿ ਇਹ ਮੈਚ ਅੱਜ ਰਗੁਵਿੰਦਰ ਸਿੰਘ ਜੀ ਦੀ ਅਗਵਾਹੀ ਵਿੱਚ ਰੋਜਾਨਾ ਸਵੇਰ ਫੁੱਟਬਾਲ ਕਲੱਬ ਨਵਾਂ ਸਹਿਰ ਅਤੇ ਰੋਜਾਨਾ ਸਵੇਰ ਫੁੱਟਬਾਲ ਕਲੱਬ ਸਲੋਹ ਵਿਚਕਾਰ ਆਰ ਕੇ ਆਰੀਆ ਕਾਲਜ ਦੀ ਗਰਾਊਂਡ ਵਿੱਚ ਕਰਵਾਇਆ ਗਿਆ। ਜਿਸ ਦੇ ਰੈਫਰੀ ਰਘੂਵਿੰਦਰ ਸਿੰਘ ਜੀ ਸਨ। ਦੋਨਾਂ ਟੀਮਾਂ ਦੇ ਕਪਤਾਨਾਂ ਪਰਵੀਨ ਕੁਮਾਰ ਅਤੇ ਅਵਤਾਰ ਸਿੰਘ ਵੱਲੋਂ ਆਪਣੀਆਂ ਟੀਮਾਂ ਦੇ ਖਿਡਾਰੀਆ ਨੂੰ ਪੂਰਾ ਜੋਰ ਲਗਾਉਣ ਲਈ ਸਖਤ ਹਿਦਾਇਤਾਂ ਦਿੱਤੀਆਂ ਗਈਆਂ। ਪਹਿਲੇ ਹਾਫ ਵਿੱਚ ਕੋਈ ਵੀ ਟੀਮ ਗੋਲ ਨਹੀਂ ਕਰ ਸਕੀ। ਦੂਸਰੇ ਹਾਫ਼ ਵਿੱਚ ਦੋਨਾਂ ਟੀਮਾਂ ਦੇ ਖਿਡਾਰੀਆਂ ਵਲੋਂ ਪੂਰਾ ਜੋਰ ਲਗਾਇਆ ਗਿਆ। ਪਰ ਸ਼ਾਬੀ, ਤਰਸੇਮ ਲਾਲ, ਪਰਵੀਨ ਕੁਮਾਰ,ਰੋਬਿਨ ਦੀ ਵਧੀਆ ਡਿਫੈਂਸ ਕਰਕੇ ਕੋਈ ਵੀ ਟੀਮ ਗੋਲ ਨਹੀਂ ਕਰ ਸਕੀ। ਉਸ ਤੋ ਬਾਅਦ ਦੋਨਾਂ ਟੀਮਾਂ ਨੂੰ ਵਾਧੂ ਸਮਾਂ ਵੀ ਦਿੱਤਾ ਗਿਆ।ਪਰ ਕੋਈ ਟੀਮ ਗੋਲ ਨਹੀਂ ਕਰ ਸਕੀ । ਮੈਚ ਦੇ ਰੈਫਰੀ ਰਘੁਵਿੰਦਰ ਪਾਲ ਸਿੰਘ ਜੀ ਵਲੋਂ ਦੋਨਾਂ ਟੀਮਾਂ ਨੂੰ ਜੁਆਇਟ ਵਿਨਰ ਘੋਸਤ ਕੀਤਾ ਗਿਆ। ਦੋਨਾਂ ਟੀਮਾਂ ਦੇ ਖਿਡਾਰੀਆਂ ਦਿਨੇਸ ਕੁਮਾਰ,, ਜੱਸੀ ਜੀ, ਮਿੰਟਾ, ਸਾੱਬੀ, ਪਰਵੀਨ, ਧੀਰਜ ਕੁਮਾਰ, ਲੱਬੀ, ਸੌਰਭ, ਰੋਬਿਨ, ਮੰਜੂ, ਆਜੁਸ਼, ਰੋਬੀ ਨ, ਦਾਣੀ, ਰਾਹੁਲ, ਤਰਸੇਮ ਲਾਲ, ਡਾਕਟਰ ਅਮਿਤ ਕੁਮਾਰ, ਵਲੋ ਬਹੁਤ ਹੀ ਵਧੀਆ ਪ੍ਰਦਰਸਨ ਕੀਤਾ ਗਿਆ । ਮੈਚ ਦੇ ਆਖਰ ਵਿੱਚ ਦੋਨਾਂ ਟੀਮਾ ਨੂੰ ਮਨਜੀਤ ਕੁਮਾਰ ਜੀ ਵਲੋਂ ਰਿਫਰੈਸਮੈਂਟ ਦਿੱਤੀ ਗਈ । ਰੋਜਾਨਾ ਸਵੇਰ ਕਲੱਬ ਦੇ ਪ੍ਰਧਾਨ ਅਜੇ ਕੁਮਾਰ ਤੇ ਤਰਸੇਮ ਲਾਲ ਨੇ ਦੱਸਿਆ ਕਿ ਸਾਡੀ ਕਲੱਬ ਵਲੋਂ ਸਰੀਰਕ ਦੂਰੀ ਦਾ ਖਾਸ ਖਿਆਲ ਰੱਖਿਆ ਜਾਂਦਾ ਹੈ ਤੇ ਕੋਈ ਵੀ ਖਿਡਾਰੀ ਪਾਸ ਤੋ ਬਿਨਾ ਗੋਲ ਨਹੀਂ ਕਰ ਸਕਦਾ। ਨਸਾ ਮੁਕਤ ਭਾਰਤ ਅਭਿਆਨ ਤਹਿਤ ਸਾਡੀ ਕੋਸਿਸ ਹੈ ਕਿ ਸਾਡੀ ਨੌਜਵਾਨ ਪੀੜੀ ਨਸਿਆ ਤੋ ਦੂਰ ਰਹਿਦੇ ਹੋਏ ਖੇ ਡਾ ਵਾਲੇ ਪਾਸੇ ਲਗੇ ਤੇ ਸਾਡਾ ਤੰਦਰੁਸਤ ਮਿਸ਼ਨ ਪੰਜਾਬ ਦਾ ਮਿਸ਼ਨ ਪੂਰਾ ਹੋ ਸਕੇ। ਅਜੇ ਕੁਮਾਰ ਨੇ ਕਿਹਾ ਕਿ ਪ੍ਰਿੰਸੀਪਲ ਸਾਹਿਬ ਜੀ ਵਲੋ ਵੀ ਕਲੱਬ ਨੂੰ ਸੰਪੂਰਨ ਸਹਿਜੋਗ ਦਿੱਤਾ ਗਿਆ ਉਨ੍ਹਾਂ ਕਿਹਾ ਕਿ ਕੋਈ ਵੀ ਵਿਅਕਤੀ ਸਵੇਰੇ ਜੈ ਐੱਸ ਐੱਫ ਐਚ ਖਾਲਸਾ ਸੀਨੀਅਰ ਸੈਕੰਡਰੀ ਸਕੂਲ ਜਾ ਆਰ ਕੇ ਆਰੀਆ ਕਾਲਜ ਦੀ ਗਰਾਊਂਡ ਵਿਚ ਫੁੱਟਬਾਲ ਖੇਡ ਸਕਦਾ ਤੇ ਆਪਣੇ ਬੱਚਿਆ ਨੂੰ ਖੇਡਾਂ ਨਾਲ ਜੋੜਨ ਲਈ ਭੇਜ ਸਕਦਾ ਹੈ। ਇਸ ਮੌਕੇ ਐਮ ਸੀ ਕਲੱਬ ਨਵਾਂ ਸਹਿਰ ਵਲੋਂ ਸਵਿਮ ਜੀ ਨੂੰ ਤਾੜੀਆ ਵਜ੍ਹਾ ਕੇ ਜਨਮ ਦਿਨ ਦੀਆਂ ਵਧਾਈਆਂ ਦਿੱਤੀਆਂ।

- ਨੌਜਵਾਨ ਪੀੜੀ ਨਸਿਆ ਤੋ ਦੂਰ ਰਹਿਦੇ ਹੋਏ ਖੇਡਾਂ ਵਾਲੇ ਪਾਸੇ ਲੱਗ ਕੇ ਦੇਸ ਦਾ ਨਾਮ ਰੌਸ਼ਨ ਕਰੇ: ਤਰਸੇਮ ਲਾਲ
- ਸਾਡੀ ਰੋਜਾਨਾ ਸਵੇਰ ਫੁੱਟਬਾਲ ਕਲੱਬ ਵਿੱਚ ਕੋਈ ਵੀ ਵੀਰ ਸਵੇਰੇ ਫੁੱਟਬਾਲ ਖੇਡ ਕੇ ਤੰਦਰੁਸਤ ਰਹਿ ਸਕਦਾ: ਅਜੇ ਮੇਹਿਰਾ

# ਅਕਾਲੀ ਦਲ ਮੁਲਾਜਮ ਵਿੰਗ ਕੋਰ ਕਮੇਟੀ ਦੀ ਮੀਟਿੰਗ ਹੋਈ

**ਚੰਡੀਗੜ੍ਹ/ਲੋਕ ਬਾਣੀ**

ਸ੍ਰੋਮਣੀ ਅਕਾਲ ਦਲ ਮੁਲਾਜਮ ਵਿੰਗ ਦੀ ਕੌਰ ਕਮੇਟੀ ਮੀਟਿੰਗ ਅੱਜ ਚੰਡੀਗੜ੍ਹ ਵਿਖੇ ਸੀਨੀਅਰ ਅਕਾਲੀ ਨੇਤਾ ਸ. ਸਿਕੰਦਰ ਸਿੰਘ ਮਲੂਕਾ ਦੀ ਪ੍ਰਧਾਨਗੀ ਹੇਠ ਹੋਈ . ਇਸ ਦੌਰਾਨ ਕੌਰ ਕਮੇਟੀ ਮੈਂਬਰਾਂ ਨੇ ਪੰਜਾਬ ਦੇ ਪੱਕੇ ਮੁਲਾਜਮਾਂ ਦੀਆਂ ਸਰਕਾਰ ਕੋਲ ਪੈਡਿੰਗ ਮੰਗਾਂ ਸਮੇਤ ਕੱਚੇ ਮੁਲਾਜਮਾਂ ਦੇ ਮਸਲਿਆਂ ਉਤੇ ਵਿਚਾਰ ਵਟਾਂਦਰਾ ਕੀਤਾ . ਕਮੇਟੀ ਨੇ ਫੈਸਲਾ ਲਿਆ ਮੁਲਾਜਮ ਵਰਗ ਦੀਆਂ ਮੰਗਾਂ ਅਤੇ ਪ੍ਰੇਸਾਨੀਆਂ ਸ੍ਰੋਮਣੀ ਅਕਾਲੀ ਦਲ ਦੇ ਚੋਣ ਮੈਨੀਫੈਸਟੋ ਵਿਚ ਦਰਜ ਕੀਤੀਆਂ ਜਾਣਗੀਆਂ ਅਤੇ ਮੁਲਾਜਮਾਂ ਦੀਆਂ ਸਾਰੀਆਂ ਮੰਗਾਂ ਸਰਕਾਰ ਬਣਨ 'ਤੇ ਪੂਰੀਆਂ ਕੀਤੀਆਂ ਜਾਣਗੀਆਂ . ਕਮੇਟੀ ਨੇ ਪੰਜਾਬ ਸਰਕਾਰ ਦੀ ਨਿਖੇਧੀ ਕਰਦਿਆਂ ਕਿਹਾ ਕਿ ਸੂਬਾ ਸਰਕਾਰ ਨੇ ਮੁਲਾਜਮਾਂ ਦੀਆਂ ਮੰਗਾਂ ਪੂਰੀਆਂ ਕਰਨ ਦੀ ਵਜਾਏ ਉਨਾ ਉਤੇ ਡਾਂਗਾਂ ਚਲਵਾਈਆਂ ਹਨ ਜਿਸਦਾ ਹਿਸਾਬ ਸੂਬੇ ਦੇ ਮੁਲਾਜਮ ਕਾਂਗਰਸ ਪਾਰਟੀ ਨੂੰ ਆਉਂਦੀਆਂ ਵਿਧਾਨ ਸਭ ਚੋਣਾਂ 'ਚ ਦੇਣਗੇ . ਇਸ ਮੌਕੇ ਸ. ਸਿਕੰਦਰ ਸਿੰਘ ਮਲੂਕਾ ਨੇ ਕਿਹਾ ਕਿ ਜਿਥੇ ਕਾਂਗਰਸ ਸਰਕਾਰ ਨੇ 5 ਸਾਲ ਆਪਸੀ ਲੜਾਈ 'ਚ ਕੱਢ ਕੇ ਲੋਕਾਂ ਨਾਲ ਕੀਤੇ ਵਾਅਦੇ ਵਿਸਾਰ ਦਿੱਤੇ ਗਏ ਉਥੇ ਕਹਨ ਮੈਨੀਫੈਸਟੋ 'ਚ ਮੁਲਾਜਮਾਂ ਨਾਲ ਕੀਤੇ ਵਾਅਦੇ ਵੀ ਪੂਰੇ ਨਹੀਂ ਕੀਤੇ ਗਏ ਜੋ ਹੁਣ ਅਕਾਲੀ ਬਸਪਾ ਸਰਕਾਰ ਆਉਣ ਤੇ ਪਹਿਲ ਦੇ ਅਧਾਰ ਤੇ ਪੂਰੇ ਕੀਤੇ ਜਾਣਗੇ . ਉਨ੍ਹਾਂ ਕਿਹਾ ਕਿ ਕਾਂਗਰਸ ਵਲੋਂ ਮੁੱਖ ਮੰਤਰੀ ਦਾ ਚਿਹਰਾ ਜਰੂਰ ਬਦਲ ਦਿੱਤਾ ਗਿਆ ਕਿ ਮੁਲਾਜਮ ਵਰਗ ਸਮੇਤ ਹੋਰ ਜਥੇਬੰਦੀਆਂ ਵਲੋਂ ਮੁੱਖ ਮੰਤਰੀ ਖਿਲਾਫ ਪੰਜਾਬ 'ਚ ਥਾਂ-ਥਾਂ ਲਾਏ ਧਰਨੇ ਦੱਸ ਰਹੇ ਹਨ ਕਿ ਉਨ੍ਹਾਂ 'ਚ ਸਰਕਾਰ ਖਿਲਾਫ ਕਿੰਨਾ ਰੋਸ ਹੈ . ਅੱਜ ਦੀ ਮੀਟਿੰਗ 'ਚ ਪੰਜਾਬ ਭਰ ਤੋਂ ਮੁਲਾਜਮ ਆਗੂਆਂ ਨੇ ਸਕਿਰਤ ਕੀਤੀ . ਵੱਖ-ਵੱਖ ਬੁਲਾਰਿਆ ਵਲੋਂ ਸ. ਮਲੂਕਾ ਨਾਲ ਕਾਂਗਰਸ ਸਰਕਾਰ ਦੇ ਮੁਲਾਜਮ ਮਾਰੂ ਫੈਸਲਿਆਂ 'ਤੇ ਖੁਲ ਕੇ ਵਿਚਾਰ-ਵਟਾਂਦਰਾ ਅਤੇ ਵਿਰੋਧ ਜਤਾਇਆ ਕਿ ਕੌਰ ਕਮੇਟੀ ਵਲੋਂ ਸਰਬ ਸੰਮਤੀ ਨਾਲ ਫੈਸਲਾ ਕੀਤਾ ਗਿਆ ਕਿ ਮੁਲਾਜਮ ਵਿੰਗ ਪੰਜਾਬ 'ਚ ਸੂਬਾ ਪੱਧਰੀ ਰੋਸ ਰੈਲੀ ਕੀਤੀ ਜਾਵੇਗੀ . ਉਨ੍ਹਾਂ ਜਾਣਕਾਰੀ ਦਿੱਤੀ ਕਿ ਰੈਲੀ ਵਿਚ ਸ੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸ. ਸੁਖਬੀਰ ਸਿੰਘ ਬਾਦਲ ਵੀ ਵਿਸੇਸ ਤੋਰ ਤੇ ਸਰਿਕਤ ਕਰਨਗੇ . ਇਸ ਮੌਕੇ 'ਤੇ ਮੁਲਾਜਮ ਵਿੰਗ ਦੇ ਸਕੱਤਰ ਜਨਰਲ ਜਗਦੀਸ ਕੁਮਾਰ, ਮੁੱਖ ਸਲਾਹਕਾਰ ਤੇਜਿੰਦਰ ਸਿੰਘ ਸੰਘਰੇੜੀ, ਇੰਜੀ: ਹਰਜਿੰਦਰ ਸਿੰਘ ਕੋਹਲੀ, ਸ. ਗੁਰਚਰਨ ਸਿੰਘ ਕੋਲੀ, ਸ. ਸੁਰਜੀਤ ਸਿੰਘ ਸੈਣੀ, ਸ. ਮਨਜੀਤ ਸਿੰਘ ਚਾਹਲ, ਬੀਬੀ ਸਤਵੰਤ ਕੌਰ ਜੌਹਲ, ਸ. ਲਖਵਿੰਦਰ ਸਿੰਘ ਪਠਾਨਕੋਟ, ਸ. ਸਵਿੰਦਰ ਸਿੰਘ ਲੱਖੋਵਾਲ, ਸ. ਅਮਰਜੀਤ ਸਿੰਘ ਰੰਧਾਵਾ, ਸ. ਗੁਰਜੰਟ ਸਿੰਘ ਵਾਲੀਆ ਆਦਿ ਸਾਮਿਲ ਸਨ।

# ਪਤਰਕਾਰ ਹਰਪਾਲ ਭੰਗੂ ਨੂੰ ਸਦਮਾ ਤਾਏ ਦਾ ਦਿਹਾਂਤ

**ਸ੍ਰੀ ਅੰਮ੍ਰਿਤਸਰ ਸਾਹਿਬ/ਜਸਬੀਰ ਸਿੰਘ**



ਜਰਨਲਿਸਟ ਐਸੋਸੀਏਸ਼ਨ (ਰਜਿ) ਪੰਜਾਬ ਯੂਨਿਟ ਅੰਮ੍ਰਿਤਸਰ ਦੇ ਪ੍ਰਧਾਨ ਅਤੇ ਹਰਪਾਲ ਸਿੰਘ ਭੰਗੂ ਨੂੰ ਉਸ ਸਮੇਂ ਗਹਿਰਾ ਸਦਮਾ ਲੱਗਾ, ਜਦ ਉਨ੍ਹਾਂ ਦੇ ਸਤਿਕਾਰਯੋਗ ਤਾਇਆ ਸ. ਗੁਰਬਖਸ਼ ਸਿੰਘ ਭੰਗੂ ਵਾਸੀ ਪਿੰਡ ਮਾਕੋਵਾਲ ਤਹਿਸੀਲ ਅਜਨਾਲਾ, ਜੋ ਅੱਜ ਅਕਾਲ ਚਲਾਨਾ ਕਰਕੇ ਗੁਰੂ ਚਰਨਾਂ ਵਿਚ ਜਾ ਬਿਰਾਜੇ ਹਨ। ਜਿਨ੍ਹਾਂ ਦਾ ਭੋਗ 28 ਦਸੰਬਰ ਦਿਨ ਮੰਗਲਵਾਰ ਨੂੰ ਦੁਪਹਿਰ 1 ਵਜੇ ਪਿੰਡ ਮਾਕੋਵਾਲ ਵਿੱਖੇ ਪਵੇਗਾ। ਇਸ ਮੋਕੇ ਜਰਨਲਿਸਟ ਐਸੋਸੀਏਸ਼ਨ (ਰਜਿ) ਪੰਜਾਬ ਦੇ ਪ੍ਰਧਾਨ ਸ੍ਰੀ ਜੋਗਿੰਦਰ ਅੰਗੂਰਾਲਾ, ਜ਼ਿਲ੍ਹਾ ਗੁਰਦਾਸਪੁਰ ਦੇ ਪ੍ਰਧਾਨ ਅਜ਼ਾਦ ਸ਼ਰਮਾ, ਸੂਬਾ ਮੀਤ ਪ੍ਰਧਾਨ ਗੁਰਜਿੰਦਰ ਸਿੰਘ ਮਾਹਲ, ਚੇਅਰਮੈਨ ਸ੍ਰੀ ਅਰੁਣ ਸ਼ਰਮਾ, ਸੀਨੀ: ਮੀਤ ਪ੍ਰਧਾਨ ਜਤਿੰਦਰ ਸਿੰਘ ਬੇਦੀ, ਜਨਰਲ ਸਕੱਤਰ ਸਰਵਨ ਸਿੰਘ ਰੰਧਾਵਾ, ਮੀਤ ਪ੍ਰਧਾਨ ਮਨਜੀਤ ਸਿੰਘ ਬਾਜਵਾ, ਛੇਹਰਟਾ ਦੇ ਪ੍ਰਧਾਨ ਦੀਪਕ ਸੂਰੀ, ਰੁਪਿੰਦਰ ਸਿੰਘ ਬੇਦੀ, ਪ੍ਰੈਸ ਸਕੱਤਰ ਕ੍ਰਿਸ਼ਨ ਸਿੰਘ ਦੁਸਾਂਝ, ਗਰਮੀਤ ਸਿੰਘ ਸੰਧੂ, ਚੰਦਨ ਨਗੀਨਾ, ਕਸ਼ਮੀਰ ਸਿੰਘ ਸਹੋਤਾ, ਰਜਿੰਦਰ ਸਿੰਘ, ਅਵਤਾਰ ਸਿੰਘ ਘਰਿੰਡਾ, ਜਤਿੰਦਰ ਸਿੰਘ ਥਿੰਦ, ਹਰਜੀਤ ਗਰੇਵਾਲ, ਸੁਰਿੰਦਰ ਸਿੰਘ ਵਿਰਦੀ, ਸਤਨਾਮ ਸਿੰਘ ਮੂਧਲ ਆਦਿ ਨੇ ਹਰਪਾਲ ਸਿੰਘ ਭੰਗੂ ਨਾਲ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ।

# 'ਥੈਲਾ ਅਪਣਾਓ, ਵਾਤਾਵਰਣ ਬਚਾਓ...'





ਦੋ ਕੁ ਦਹਾਕੇ ਪਹਿਲਾਂ ਅਕਸਰ ਲੋਕ ਬਾਜਾਰ ਤੋਂ ਕੋਈ ਵਸਤੂ ਅਤੇ ਘਰੇਲੂ ਸਾਮਾਨ ਆਦਿ ਲਿਆਉਣ ਸਮੇਂ ਆਪਣੇ ਨਾਲ ਘਰੋਂ ਕੱਪੜੇ ਦਾ ਜਾਂ ਪਟਸਨ ਦਾ ਬਣਿਆ ਥੈਲਾ ਲੈ ਕੇ ਹੀ ਜਾਂਦੇ ਹੁੰਦੇ ਸਨ , ਪਰ ਆਧੁਨਿਕਤਾ ਦੀ ਦਿੱਖ ਅਤੇ ਦੌੜ ਵਿੱਚ ਬੰਦਾ ਐਸਾ ਖੋਅ ਗਿਆ ਕਿ ਘਰੋਂ ਨਾਲ ਥੈਲਾ ਲੈ ਕੇ ਜਾਣਾ ਹੀ ਭੁੱਲ ਗਿਆ ਅਤੇ ਥੈਲੇ ਨੂੰ ਪੁਰਾਤਨਤਾ ਨਾਲ ਜੋੜ ਕੇ ਦੇਖਣ ਲੱਗ ਪਿਆ। ਇਸ ਦਾ ਸਿੱਟਾ ਇਹ ਨਿਕਲਿਆ ਕਿ ਪਲਾਸਟਿਕ ਦੇ ਲਿਫਾਫਿਆਂ ਦੀ ਵਰਤੋਂ ਧੜਾਧੜ ਹੋਣ ਲੱਗ ਪਈ , ਪਰ ਪਲਾਸਟਿਕ ਦੇ ਲਿਫਾਫੇ ਸਾਡੇ ਵਾਤਾਵਰਣ , ਧਰਤੀ , ਸੀਵਰੇਜ ਦੀਆਂ ਨਾਲੀਆਂ , ਪਾਣੀ ਦੇ ਸੋਮਿਆਂ ਅਤੇ ਅਵਾਰਾ ਜਾਨਵਰਾਂ ਲਈ ਜੀਅ ਦਾ ਜੰਜਾਲ ਬਣਨ ਲੱਗ ਪਏ। ਦੂ ਸਰਾ , ਪਲਾਸਟਿਕ ਦੇ ਲਿਫਾਫੇ ਆਦਿ ਸਿਹਤ ਪੱਖੋਂ ਵੀ ਸਹੀ ਨਹੀਂ ਸਮਝੇ ਜਾਂਦੇ ਅਤੇ ਇਨ੍ਹਾਂ ਲਿਫ਼ਾਫ਼ਿਆਂ 'ਚ ਪਾਏ ਹੋਏ ਸਾਮਾਨ ਦੀ ਕੋਈ ਬਚਨਬੱਧਤਾ ਨਹੀਂ ਕਿ ਸਹੀ ਸਲਾਮਤ ਘਰੇ ਪੁੱਜ ਵੀ ਜਾਵੇ ਜਾਂ ਨਹੀਂ। ਜੋ ਕਿ ਪੈਸੇ ਦੇ ਨੁਕਸਾਨ ਦੇ ਨਾਲ - ਨਾਲ ਕਈ ਵਾਰ ਕਿਸੇ ਦੁਰਘਟਨਾ ਨੂੰ ਵੀ ਜਨਮ ਦੇ ਸਕਦਾ ਹੈ । ਇਸ ਲਈ ਚੰਗਾ ਇਹੋ ਹੋ ਸਕਦਾ ਹੈ ਕਿ ਅਸੀਂ ਸਾਰੀ ਜੰਮਿੇਵਾਰੀ ਸਰਕਾਰਾਂ ਜਾਂ ਦੂਸਰਿਆਂ 'ਤੇ ਹੀ ਨਾ ਸੁੱਟ ਕੇ ਖੁਦ ਆਪ ਇਸ ਪ੍ਰਤੀ ਘੇਸਲ ਵੱਟਣੀ ਬੰਦ ਕਰ ਦੇਈਏ ਅਤੇ ਘਰੋਂ ਬਾਜ਼ਾਰ ਆਦਿ ਲਈ ਜਾਣ ਸਮੇਂ ਕੱਪੜੇ ਜਾਂ ਪਟਸਨ ਦਾ ਥੈਲਾ ਆਦਿ ਜ਼ਰੂਰ ਲੈ ਕੇ ਜਾਈਏ ਅਤੇ ਵਾਤਾਵਰਣ ਨੂੰ ਗੰਧਲਾ ਹੋਣ ਤੋਂ ਬਚਾਈਏ। ਇਸ ਵਿੱਚ ਹੀ ਸਾਡੀ , ਸਮਾਜ ਦੀ ਅਤੇ ਵਾਤਾਵਰਣ ਦੀ ਭਲਾਈ ਤੇ ਖ਼ੁਸ਼ਹਾਲੀ ਹੋ ਸਕਦੀ ਹੈ।

**ਅੰਤਰਰਾਸਟਰੀ ਲੇਖਕ**
**ਮਾਸਟਰ ਸੰਜੀਵ ਧਰਮਾਣੀ**
**ਸ੍ਰੀ ਅਨੰਦਪੁਰ ਸਾਹਿਬ**

# ਵਿਆਹੁੱਤਾ ਇਸਤਰੀ ਤੇ ਸਾਹੁੱਰਾ ਪਰਿਵਾਰ ਵਲੋ ਅੱਤਿਆਚਾਰ ਕਰਨ ਅਤੇ ਦਾਜ ਦਹੇਜ਼ ਦੀ ਮੰਗ ਕਰਨ ਤਹਿਤ ਹੋਇਆ ਮਾਮਲਾ ਦਰਜ : ਥਾਣਾ ਮੁੱਖੀ

**ਸਹੀਦ ਭਗਤ ਸਿੰਘ ਨਗਰ/ਲੋਕ ਬਾਣੀ**

ਇਹ ਮੁਕੱਦਮਾ ਬਰ ਦਰਖਾਸਤ ਕਿਰਨਦੀਪ ਚੋਪੜਾ ਪਤਨੀ ਜਗਦੀਪ ਸਿੰਘ ਵਾਸੀ ਭੀਮ ਰਾਉ ਕਲੋਨੀ ਬੰਗਾ ਬਰਖਿਾਲਫ ਜਗਦੀਪ ਸਿੰਘ ਵਗੈਰਾ ਬਾਬਤ ਦਾਜ ਦਹੇਜ ਦੀ ਮੰਗ ਕਰਨ ਅਤੇ ਤੰਗ ਪਰੇਸ਼ਾਨ ਕਰਨ ਸਬੰਧੀ ਬਾਅਦ ਇੰਨਕੁਆਰੀ ਉਪ ਕਪਤਾਨ ਪੁਲਿਸ ਔਰਤਾ ਅਤੇ ਬੱਚਿਆ ਵਿਰੁੱਧ ਅਪਰਾਧ ਜਿਲਾ ਸ਼ਹੀਦ ਭਗਤ ਸਿੰਘ ਨਗਰ ਜੀ ਬਾਅਦ ਰਾਏ ਕਪਤਾਨ ਪੁਲਿਸ (ਜਾਂਚ) ਸ਼ਹੀਦ ਭਗਤ ਸਿੰਘ ਨਗਰ ਜੀ ਦੇ ਦਰਜ ਰਜਿਸਟਰ ਹੋਇਆ ਕਿ ਬਰਖਿਾਲਫ ਜਗਦੀਪ ਸਿੰਘ ਨੇ ਕਿਰਨਦੀਪ ਚੋਪੜਾ ਕੋਲੋ ਦਾਜ ਦਹੇਜ, ਪੈਸਿਆ ਦੀ ਮੰਗ ਕਰਨ ਤੇ ਸਕੂਟਰੀ ਦੀ ਮੰਗ ਕਰਕੇ ਉਸ ਨੂੰ ਮਾਨਸਿਕ ਤੋਰ ਤੇ ਤੰਗ ਪਰੇਸ਼ਾਨ ਕਰਨ ਤੇ ਮੁਕੱਦਮਾ ਜੇਰੇ ਧਾਰਾ 498 ਭ.ਦ. ਤਹਿਤ ਦਰਜ ਰਜਿਸਟਰ ਕਰਕੇ ਢਰਿ ਸਮੇਤ ਅਸਲ ਦੀਘਰ ਕਾਗਜਾਤ ਅਗਲੀ ਤਫਤੀਸ ਲਈ ਅਸ਼ੀ ਪ੍ਰਵੀਨ ਕੁਮਾਰੀ ਦੇ ਹਵਾਲੇ ਕੀਤੇ ਗਏ ਮੁਕੱਦਮਾ ਜੇਰੇ ਤਫਤੀਸ ਹੈ। (ਗ੍ਰਿਫਤਾਰੀ ਬਾਕੀ ਹੈ)

Website : www.lokbani.com
lokbani08@gmail.com

# ਅਕਾਲੀ ਆਗੂਆਂ ਨੂੰ ਝੂਠੇ ਕੇਸਾਂ 'ਚ ਫਸਾਉਣ ਲਈ ਕਾਂਗਰਸ ਚੱਲ ਰਹੀ ਕੋਝੀਆਂ ਚਾਲਾਂ : ਔਲਖ



**ਸ਼੍ਰੀ ਗੋਇੰਦਵਾਲ ਸਾਹਿਬ/ ਰਣਜੀਤ ਸਿੰਘ ਦਿਉਲ**

ਸ਼੍ਰੋਮਣੀ ਅਕਾਲੀ ਦਲ ਦੇ ਜਥੇਬੰਦਕ ਸਕੱਤਰ ਕੁਲਦੀਪ ਸਿੰਘ ਔਲਖ ਨੇ ਚੋਣਵੇਂ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਕਿਹਾ ਕਿ ਸੂਬੇ ਦੀ ਚੰਨੀ ਸਰਕਾਰ ਆਗਾਮੀ ਵਿਧਾਨ ਸਭਾ ਚੋਣਾਂ ਦੇ ਮੱਦੇਨਜ਼ਰ ਘਟੀਆ ਹੱਥਕੰਡੇ ਅਪਣਾ ਰਹੀ ਹੈ। ਜਿਸ ਦੇ ਤਹਿਤ ਅਕਾਲੀ ਦਲ ਦੇ ਆਗੂਆਂ ਨੂੰ ਝੂਠੇ ਤੇ ਨਜ਼ਾਇਜ ਕੇਸਾਂ ਵਿਚ ਫਸਾਉਣ ਲਈ ਸੂਬੇ ਦੇ ਡੀਜੀਪੀ ਇਕਬਾਲਪ੍ਰੀਤ ਸਿੰਘ ਸਹੋਤਾ ਨੂੰ ਬਦਲਕੇ ਸਿਧਾਰਥ ਚਟੋਪਾਧਿਆਏ ਨੂੰ ਆਰਜ਼ੀ ਡੀਜੀਪੀ ਨਿਯੁਕਤ ਕੀਤਾ ਗਿਆ ਹੈ। ਜਿਹੜਾ ਕਿ ਬਰਦਾਸ਼ਤਯੋਗ ਨਹੀਂ ਹੈ। ਉਨ੍ਹਾਂ ਕਿਹਾ ਕਿ ਕਾਂਗਰਸ ਸਰਕਾਰ ਪਿਛਲੇ ਸਮੇਂ ਦੌਰਾਨ ਪੁਲਿਸ ਅਫ਼ਸਰਾਂ ਤੇ ਲਗਾਤਾਰ ਅਕਾਲੀ ਆਗੂਆਂ ਤੇ ਨਜਾਇਜ਼ ਕਾਰਵਾਈ ਕਰਨ ਲਈ ਦਬਾਅ ਬਣਾ ਰਹੀ ਹੈ। ਪਰ ਬਾਵਜੂਦ ਇਸਦੇ ਕਾਂਗਰਸ ਸਰਕਾਰ ਆਪਣੇ ਮਨਸੂਬਿਆਂ ਵਿਚ ਕਾਮਯਾਬ ਨਹੀਂ ਹੋ ਸਕੀ।ਔਲਖ ਨੇ ਕਿਹਾ ਕਿ ਪਹਿਲਾਂ ਕਾਂਗਰਸ ਸਰਕਾਰ ਨੇ ਪਹਿਲਾਂ ਬਿਊਰੋ ਆਫ਼ ਇਨਵੈਸਟੀਗੇਸ਼ਨ ਦੇ 2 ਮੁਖੀ ਬਦਲੇ। ਕਿਉਂ ਕਿ ਇਹਨਾਂ ਅਫ਼ਸਰਾਂ ਨੇ ਨਜ਼ਾਇਜ ਕਾਰਵਾਈ ਕਰਨ ਤੋਂ ਇਨਕਾਰ ਕਰ ਦਿੱਤਾ ਸੀ। ਜਦਕਿ ਤੀਜੇ ਮੁਖੀ ਐਸ ਕੇ ਅਸਥਾਨਾ ਦੀ ਚਿੱਠੀ ਨੇ ਵੀ ਕਾਂਗਰਸ ਸਰਕਾਰ ਦੀ ਸੋੜੀ ਸਿਆਸਤ ਨੂੰ ਜੱਗ ਜਾਹਿਰ ਕਰ ਦਿੱਤਾ। ਉਨ੍ਹਾਂ ਕਿਹਾ ਕਿ ਆਪਣੇ ਕਾਰਜਕਾਲ ਦੌਰਾਨ ਕਾਂਗਰਸ ਸਰਕਾਰ ਨੇ ਸਿਵਾਏ ਝੂਠੇ ਵਾਅਦਿਆਂ ਤੋਂ ਇਲਾਵਾ ਕੁਝ ਨਹੀਂ ਕੀਤਾ। ਆਪਣੀਆਂ ਨਾਕਾਮੀਆਂ ਨੂੰ ਛੁਪਾਇਆ ਲਈ ਚੰਨੀ ਸਰਕਾਰ ਹੁਣ ਕੋਝੇ ਹੱਥਕੰਡੇ ਵਰਤ ਰਹੀ ਹੈ। ਪਰ ਸੂਬੇ ਦੇ ਲੋਕ ਕਾਂਗਰਸ ਸਰਕਾਰ ਦੀ ਨਲਾਇਕੀਆਂ ਤੋਂ ਭਲੀਭਾਂਤ ਵਾਕਿਫ਼ ਹਨ। ਉਨਾਂ ਕਿਹਾ ਕਿ ਕਾਂਗਰਸ ਸਰਕਾਰ ਨੂੰ ਬਦਲਾਖੋਰੀ ਦੀ ਸਿਆਸਤ ਤੋਂ ਬਾਜ਼ ਆਕੇ ਪਾਰਦਰਸ਼ੀ ਢੰਗ ਨਾਲ ਚੋਣਾਂ ਲੜਨੀਆ ਚਾਹੀਦੀਆਂ ਹਨ ਅਤੇ ਅਕਾਲੀ ਦਲ ਦੇ ਸਿਪਾਹੀ ਕਾਂਗਰਸ ਦੀਆਂ ਅਜਿਹੀਆਂ ਕਾਰਵਾਈਆਂ ਨੂੰ ਬਰਦਾਸ਼ਤ ਨਹੀਂ ਕਰਨਗੇ। ਇਸ ਮੌਕੇ ਉਨ੍ਹਾਂ ਦੇਸ਼ ਦੇ ਮੁੱਖ ਚੋਣ ਕਮਿਸ਼ਨਰ ਕੋਲੋਂ ਮੰਗ ਕੀਤੀ ਕਿ ਸੂਬੇ ਵਿਚ ਸਥਾਈ ਡੀਜੀਪੀ ਦੀ ਨਿਯੁਕਤੀ ਕੀਤੀ ਜਾਵੇ ਤੇ ਸਿਆਸੀ ਬਦਲਾਖੋਰੀ ਤਹਿਤ ਕਾਰਵਾਈ ਕਰਨ ਵਾਲੇ ਅਫ਼ਸਰਾਂ ਖਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇ। ਇਸ ਮੌਕੇ ਤੇ ਯੂਥ ਅਕਾਲੀ ਦਲ ਦੇ ਕੌਮੀ ਜਰਨਲ ਸਕੱਤਰ ਸ ਕੁਲਦੀਪ ਸਿੰਘ ਲਾਹੌਰੀਆ , ਐਸ ਈ ਵਿੰਗ ਦੇ ਜਰਨਲ ਸਕੱਤਰ ਵਰਿੰਦਰ ਸਿੰਘ ਜੋਤੀ , ਸੀਨੀਅਰ ਮੀਤ ਪ੍ਰਧਾਨ ਜਗਤਾਰ ਸਿੰਘ ਧੂੰਦਾ , ਯੂਥ ਅਕਾਲੀ ਆਗੂ ਸ ਸਰਵਨ ਸਿੰਘ ਸਿਮਾ , ਬਲਕਾਰ ਸਿੰਘ ਧੂੰਦਾ ਅਤੇ ਹੋਰ ਸੀਨੀਅਰ ਆਗੂ ਹਾਜਰ ਸਨ।

# ਮੰਤਰੀ ਗੁਰਕੀਰਤ ਸਿੰਘ ਨੇ ਵਿਕਾਸ ਪ੍ਰੋਜੈਕਟਾਂ ਦਾ ਉਦਘਾਟਨ ਕੀਤਾ





**ਖੰਨਾ/ਤੇਜਿੰਦਰ ਸਿੰਘ ਆਰਟਿਸਟ**

ਅੱਜ ਖੰਨਾ ਵਿੱਖੇ ਮੰਤਰੀ ਗੁਰਕੀਰਤ ਸਿੰਘ ਨੇ ਵਿਕਾਸ ਪ੍ਰੋਜੈਕਟਾਂ ਦਾ ਉਦਘਾਟਨ ਕੀਤਾ ਅਤੇ ਭਗਵਾਨ ਵਾਲਮੀਕਿ ਭਵਨ ,ਡਾਕਟਰ ਅੰਬੇਦਕਰ ਵੈਲਫੇਅਰ ਸੋਸਾਇਟੀ ਨੂੰ 10 ਲੱਖ ਦਾ ਚੈੱਕ ਦਿੱਤਾ ਇਸ ਮੌਕੇ ਉਨ੍ਹਾਂ ਕਿਹਾ ਕਿ ਇਨ੍ਹਾਂ ਪ੍ਰਾਜੈਕਟਾਂ ਦਾ ਉਦਘਾਟਨ ਕਰਦਿਆਂ ਕੈਬਨਿਟ ਮੰਤਰੀ ਗੁਰਕੀਰਤ ਸਿੰਘ ਨੇ ਕਿਹਾ ਕਿ ਉਨ੍ਹਾਂ ਨੇ ਆਪਣੇ ਹਲਕੇ ਅਤੇ ਹਲਕੇ ਦੇ ਲੋਕਾਂ ਦੀ ਭਲਾਈ ਲਈ ਨਿਰੰਤਰ ਕੰਮ ਕੀਤਾ ਹੈ। ਮੈਂ ਆਪਣੀ ਸਮਰੱਥਾ ਅਨੁਸਾਰ ਉਹ ਸਭ ਕੁਝ ਕਰਨ ਲਈ ਦ੍ਰਿੜ ਹਾਂ ਜੋ ਲੋਕਾਂ ਨੂੰ ਲਾਭ ਪਹੁੰਚਾਉਂਦਾ ਹੈ।

# ਆਪ ਦੇ ਸੁਪਰੀਮੋ ਅਰਵਿੰਦ ਕੇਜਰੀਵਾਲ ਦੀ ਗਰੰਟੀ ਤੇ ਐਸ ਸੀ ਭਾਈਚਾਰੇ ਨੂੰ ਹੈ ਵੱਡਾ ਵਿਸਵਾਸ : ਸੁਰਜੀਤ ਲੁਹਾਰਾ

**ਮੋਗਾ/ਫਤਿਹਗੜ੍ਹ ਪੰਜਤੂਰ ਦਵਿੰਦਰ ਸਿੰਘ ਬਿੱਟੂ**



ਆਮ ਆਦਮੀ ਪਾਰਟੀ ਦੇ ਕਨਵੀਨਰ ਆਪ ਦੇ ਸੁਪਰੀਮੋ ਅਰਵਿੰਦ ਕੇਜਰੀਵਾਲ ਵੱਲੋ ,ਐੱਸ ਸੀ ਭਾਈਚਾਰੇ ਦੀਆਂ ਮੁਸ਼ਕਲਾਂ ਅਤੇ ਉਨ੍ਹਾਂ ਦੇ ਹੱਲ ਲਈ ਤੇ ਉਨ੍ਹਾਂ ਨੂੰ ਉੱਪਰ ਉਠਾਉਣ ਲਈ ਅਹਿਮ ਉਪਰਾਲੇ ਕੀਤੇ ਜਾ ਰਹੇ ਹਨ ! ਅਤੇ ਪੰਜਾਬ ਅੰਦਰ ਹਰ ਵਰਗ ਲਈ ਗਾਰੰਟੀਸ਼ੁਦਾ ਫੈਸਲੇ ਦੇ ਕੇ ਲੋਕਾਂ ਦੇ ਮਨਾਂ ਨੂੰ ਜਿੱਤ ਲਿਆ ਹੈ । ਜਿਸ ਨਾਲ ਹਰ ਵਰਗ ਉਨ੍ਹਾਂ ਦੇ ਨਾਲ ਚੱਲਣ ਲਈ ਤਿਆਰ ਹੈ , ਜਿਸ ਵਿੱਚ ਐਸੀ ਸੀ ਭਾਈਚਾਰੇ ਨੂੰ ਉਨ੍ਹਾਂ ਤੋਂ ਬੜੀ ਵੱਡੀ ਉਮੀਦ ਹੈ । ਕਿਉਂਕਿ ਇਨ੍ਹਾਂ ਲਈ ਪੜ੍ਹਾਈ ਲਖਾਈ ਅਤੇ ਸਿਹਤ ਸਹੂਲਤਾਂ ਕੋਹਾਂ ਦੂਰ ਹਨ , ਜਿਨ੍ਹਾਂ ਤੋਂ ਇਹ ਪਛੜ ਰਹੇ ਹਨ । ਕਿਉਂ ਕਿ ਸਧਾਰਣ ਪਰਿਵਾਰਾਂ ਤੋਂ ਲਏ ਕਿ ਗ਼ਰੀਬੀ ਹੇਠਾਂ ਰਹਿ ਰਹੇ ਪਰਿਵਾਰ ਨਾ ਤਾਂ ਆਪਣੇ ਬੱਚਿਆਂ ਨੂੰ ਪੜ੍ਹਾਈ ਲਿਖਾਈ ਕਰਵਾ ਸਕਦੇ ਹਨ । ਅਤੇ ਨਾ ਹੀ ਆਪਣੀ ਸਿਹਤ ਨੂੰ ਤੰਦਰੁਸਤ ਰੱਖਣ ਲਈ ਭਿਆਨਕ ਬੀਮਾਰੀਆਂ ਦਾ ਇਲਾਜ ਕਰਵਾ ਸਕਦੇ ਹਨ । ਇਸ ਲਈ ਆਪ ਦੇ ਸੁਪਰੀਮੋ ਅਰਵਿੰਦ ਕੇਜਰੀਵਾਲ ਵੱਲੋਂ ਦਿੱਤੇ ਗਏ ਗਾਰੰਟੀਸ਼ੁਦਾ ਫ਼ੈਸਲੇ ਪੰਜਾਬ ਦੇ ਹਿੱਤਾਂ ਲਈ ਲਾਹੇਵੰਦ ਹਨ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਪ੍ਰੈਸ ਨਾਲ ਸਾਂਝਾ ਕਰਦਿਆਂ ਸੁਰਜੀਤ ਸਿੰਘ ਲੁਹਾਰਾ ਜੁਆਇੰਟ ਸਕੱਤਰ ਐਸ ਸੀ ਵਿੰਗ ਜ਼ਿਲਾ ਮੋਗਾ ਨੇ ਕੀਤਾ , ਉਨ੍ਹਾਂ ਇਹ ਵੀ ਕਿਹਾ ਕਿ ਐੱਸ ਸੀ ਵਿੰਗ ਦੀਆਂ ਮੀਟਿੰਗਾਂ ਦਾ ਦੌਰ ਜਾਰੀ ਹੈ । ਜਿਸ ਵਿੱਚ ਅਹਿਮ ਫੈਸਲੇ ਲਏ ਜਾਂਦੇ ਹਨ । ਉਹਨਾਂ ਕਿਹਾ 2022 ਦੀਆਂ ਵਿਧਾਨ ਸਭਾ ਚੋਣਾਂ ਵਿਚ ਅੱਸੀ ਸੀ ਭਾਈਚਾਰਾ ਇਕ ਵੱਡੀ ਭੂਮਿਕਾ ਨਿਭਾਏਗਾ ਤੇ ਆਪ ਨੂੰ ਜਿਤਾਉਣ ਵਿਚ ਵੱਡਾ ਯੋਗਦਾਨ ਪਾਵੇਗਾ । ਉਨ੍ਹਾਂ ਇਹ ਵੀ ਕਿਹਾ ਕਿ ਜ਼ਿਲ੍ਹਾ ਮੋਗਾ ਦੀਆਂ ਚਾਰ ਵਿਧਾਨ ਸਭਾ ਸੀਟਾਂ ਤੇ ਐੱਸ ਸੀ ਭਾਈਚਾਰੇ ਦੀ ਪਕੜ ਦਿਨੋਂ ਦਿਨ ਮਜ਼ਬੂਤ ਹੁੰਦੀ ਜਾ ਰਹੀ ਹੈ ।

# ਕੈਬਨਿਟ ਮੰਤਰੀ ਅਰੁਨਾ ਚੌਧਰੀ ਸਬ ਤਹਿਸੀਲ ਦੋਰਾਂਗਲਾ ਦਾ ਨੀਂਹ ਪੱਥਰ ਰੱਖਣਗੇ ਅੱਜ



**ਦੀਨਾਨਗਰ/ਡਾ.ਰਮੇਸ਼ ਸਰੰਗਲ**

ਦੀਨਾਨਗਰ ਵਿਧਾਨ ਸਭਾ ਹਲਕੇ ਦੇ ਬਲਾਕ ਦੋਰਾਂਗਲਾ ਨਾਲ ਸਬੰਧਿਤ 100 ਤੋਂ ਜ਼ਿਆਦਾ ਪਿੰਡਾਂ ਨੂੰ ਸਹੂਲਤ ਮੁਹੱਈਆ ਕਰਵਾਉਣ ਦੇ ਉਦੇਸ਼ ਨਾਲ ਮਨਜ਼ੂਰ ਕਰਵਾਏ ਗਏ ਸਬ ਤਹਿਸੀਲ ਦਫ਼ਤਰ ਅਤੇ ਪਟਵਾਰ ਸਟੇਸ਼ਨ ਦੋਰਾਂਗਲਾ ਦਾ ਨੀਂਹ ਪੱਥਰ ਅੱਜ 20 ਦਸੰਬਰ ਨੂੰ ਪੰਜਾਬ ਦੇ ਕੈਬਨਿਟ ਮੰਤਰੀ ਅਰੁਨਾ ਚੌਧਰੀ ਰੱਖਣਗੇ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸੀਨੀਅਰ ਕਾਂਗਰਸ ਨੇਤਾ ਅਸ਼ੋਕ ਚੌਧਰੀ ਨੇ ਦੱਸਿਆ ਕਿ ਦੋਰਾਂਗਲਾ ਵਿਖੇ ਸਬ ਤਹਿਸੀਲ ਬਣਾਉਣ ਦਾ ਐਲਾਨ ਮੁੱਖ ਮੰਤਰੀ ਪੰਜਾਬ ਚਰਨਜੀਤ ਸਿੰਘ ਚੰਨੀ ਵੱਲੋਂ ਪਿਛਲੇ ਦਿਨੀਂ ਦੀਨਾਨਗਰ ਫੇਰੀ ਦੌਰਾਨ ਕੀਤਾ ਗਿਆ ਸੀ, ਜਿਸਨੂੰ ਕੈਬਨਿਟ ਮੀਟਿੰਗ ਵਿੱਚ ਪਾਸ ਕਰਕੇ ਨੋਟੀਫਿਕੇਸ਼ਨ ਜਾਰੀ ਕੀਤਾ ਗਿਆ। ਇਸਦਾ ਰਸਮੀ ਤੌਰ 'ਤੇ ਨੀਂਹ ਪੱਥਰ ਰੱਖ ਕੇ ਕੈਬਨਿਟ ਮੰਤਰੀ ਅਰੁਨਾ ਚੌਧਰੀ ਵੱਲੋਂ ਇਸ ਪ੍ਰੋਜੈਕਟ ਨੂੰ ਅਮਲੀ ਰੂਪ ਦਿੱਤਾ ਦੇ ਦਿੱਤਾ ਗਿਆ ਹੈ । ਅਸ਼ੋਕ ਚੌਧਰੀ ਨੇ ਦੱਸਿਆ ਕਿ ਇਹ ਪ੍ਰੋਜੈਕਟ ਕੈਬਨਿਟ ਮੰਤਰੀ ਅਰੁਨਾ ਚੌਧਰੀ ਦੇ ਅਣਥੱਕ ਯਤਨਾਂ ਕਾਰਨ ਸੰਭਵ ਹੋਇਆ ਹੈ, ਜਿਸਦੀ ਇਲਾਕੇ ਭਰ 'ਚ ਪ੍ਰਸ਼ੰਸਾ ਹੋ ਰਹੀ ਹੈ।

# ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਪਰਮਾਨੰਦ ਵਦੇ ਪ੍ਰਿੰਸੀਪਲ ਦਫਤਰ ਤੇ ਚੋਰਾਂ ਨੇ ਕੀਤਾ ਹੱਥ ਸਾਫ਼

**ਪਠਾਨਕੋਟ/ਭੋਆ/ਰਜਨੀਸ ਕਾਲੂ**



ਵਿਧਾਨ ਸਭਾ ਹਲਕਾ ਭੋਆ ਅਧੀਨ ਪੈਂਦੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਪਰਮਾਨੰਦ ਵਿੱਚ ਬੀਤੀ ਰਾਤ ਚੋਰਾਂ ਨੇ ਪ੍ਰਿੰਸੀਪਲ ਦੇ ਦਫਤਰ ਦਾ ਤਾਲਾ ਤੋੜ ਕੇ ਐਲ.ਈ.ਡੀ ਸਮੇਤ ਹੋਰ ਸਮਾਨ ਚੋਰੀ ਕਰ ਲਿਆ। ਸਕੂਲ ਮੁਖੀ ਦੀ ਲਿਖਤੀ ਸਕਿਾਇਤ ਤੋਂ ਬਾਅਦ ਥਾਣਾ ਤਾਰਾਗੜ੍ਹ ਦੀ ਪੁਲੀਸ ਨੇ ਅਣਪਛਾਤੇ ਵਿਅਕਤੀ ਖਲਿਾਫ ਕੇਸ ਦਰਜ ਕਰ ਲਿਆ ਹੈ। ਪੁਲੀਸ ਨੂੰ ਦਿੱਤੀ ਸਕਿਾਇਤ ਵਿੱਚ ਸਕੂਲ ਦੀ ਪ੍ਰਿੰਸੀਪਲ ਸਰਬਜੀਤ ਕੌਰ ਨੇ ਦੱਸਿਆ ਕਿ ਬੀਤੇ ਦਿਨ ਛੁੱਟੀ ਹੋਣ ਮਗਰੋਂ ਉਹ ਆਮ ਦਿਨਾਂ ਵਾਂਗ ਸਕੂਲ ਨੂੰ ਬੰਦ ਕਰਕੇ ਠੀਕ ਢੰਗ ਨਾਲ ਤਾਲਾ ਲਗਾ ਕੇ ਆਪਣੇ ਘਰ ਚਲੀ ਗਈ ਸੀ। ਅਗਲੇ ਦਿਨ ਜਦੋਂ ਉਹ ਸਕੂਲ ਪਹੁੰਚੀ ਤਾਂ ਦੇਖਿਆ ਕਿ ਪ੍ਰਿੰਸੀਪਲ ਦੇ ਦਫਤਰ ਦਾ ਤਾਲਾ ਟੁੱਟਿਆ ਹੋਇਆ ਸੀ। ਅੰਦਰ ਜਾ ਕੇ ਦੇਖਿਆ ਤਾਂ ਅਲਮਾਰੀ ਖੁੱਲ੍ਹੀ ਹੋਈ ਸੀ ਅਤੇ ਸਾਰਾ ਸਾਮਾਨ ਖਿਲਰਿਆ ਪਿਆ ਸੀ। ਇਸ ਦੇ ਨਾਲ ਹੀ ਦਫਤਰ ਵਿੱਚ ਲੱਗੀ ਇੱਕ ਐਲ.ਈ.ਡੀ ਵੀ ਚੋਰੀ ਹੋ ਗਈ। ਪ੍ਰਿੰਸੀਪਲ ਨੇ ਪੁਲੀਸ ਨੂੰ ਦੱਸਿਆ ਕਿ ਐਲਈਡੀ ਅਤੇ ਹੋਰ ਸਾਮਾਨ ਚੋਰੀ ਹੋ ਗਿਆ ਹੈ। ਜਿਸ ਤੋਂ ਬਾਅਦ ਥਾਣਾ ਤਾਰਾਗੜ੍ਹ ਦੀ ਪੁਲਸ ਪਾਰਟੀ ਸਕੂਲ ਪਹੁੰਚੀ ਅਤੇ ਜਾਂਚ ਤੋਂ ਬਾਅਦ ਅਣਪਛਾਤੇ ਵਿਅਕਤੀ ਖਿਲਾਫ ਮਾਮਲਾ ਦਰਜ ਕਰ ਲਿਆ। ਏਐਸਆਈ ਸਤਪਾਲ ਦਾ ਕਹਿਣਾ ਹੈ ਕਿ ਆਸਪਾਸ ਦੇ ਇਲਾਕਿਆਂ ਤੋਂ ਸੀਸੀਟੀਵੀ ਫੁਟੇਜ ਅਤੇ ਹੋਰ ਸੁਰਾਗ ਲੱਭੇ ਜਾ ਰਹੇ ਹਨ। ਜਲਦੀ ਹੀ ਚੋਰ ਨੂੰ ਫੜ ਲਿਆ ਜਾਵੇਗਾ।



# ਤੀਜੀ ਗਾਰੰਟੀ ਦੇ ਸਬੰਧ ਵਿਚ ਵੱਖ-ਵੱਖ ਪਿੰਡਾਂ 'ਚ ਜਨ ਸੰਵਾਦ ਮੀਟਿੰਗਾਂ ਦਾ ਦੌਰ ਜਾਰੀ : ਐਡਵੋਕੇਟ ਸੋਬੀਆ ਜਗਦੀਪ ਕੰਬੋਜ

**ਜਲਾਲਾਬਾਦ/ਗੌਰਵ ਸਰਮਾ**

ਹਲਕਾ ਜਲਾਲਾਬਾਦ ਦੇ ਪਿੰਡਾਂ ਵਿੱਚ ਤੀਜੀ ਵਿਚ ਮੈਡਮ ਸੋਬੀਆ ਜਗਦੀਪ ਕੰਬੋਜ ਵੱਲੋਂ ਵੱਖ ਵੱਖ ਪਿੰਡਾਂ ਵਿਚ ਤੀਜੀ ਗਾਰੰਟੀ ਦੇ ਸਬੰਧ ਵਿਚ ਜਨ ਸੰਵਾਦ ਮੀਟਿੰਗਾਂ ਕੀਤੀਆਂ ਗਈਆਂ ।ਜਿਸ ਵਿੱਚ ਪੱਕਾ ਕਾਲੇ ਵਾਲਾ, ਵਾਂ ਮੋਹਕਮ, ਅਰਨੀ ਵਾਲਾ , ਫਲੀਆਂ ਵਾਲਾ ਵੱਖ ਵੱਖ ਪਿੰਡਾਂ ਵਿਚ ਮੀਟਿੰਗ ਰੱਖੀ ਗਈ ।ਸੋਬੀਆ ਜਗਦੀਪ ਕੰਬੋਜ ਜੀ ਨੇ ਬੋਲਦਿਆਂ ਕਿਹਾ ਕਿ ਆਮ ਆਦਮੀ ਪਾਰਟੀ ਦੇ ਸੁਪਰੀਮੋ ਅਰਵਿੰਦ ਕੇਜਰੀਵਾਲ ਜੀ ਵੱਲੋਂ ਸਮੇਂ ਸਮੇਂ ਸਿਰ ਪੰਜਾਬ ਦੇ ਲੋਕਾਂ ਨੂੰ ਪਹਿਲੀ ਦੂਜੀ ਤੀਜੀ ਗਾਰੰਟੀ ਦਿੱਤੀ ਗਈ ।ਸਭ ਤੋਂ ਪਹਿਲਾਂ ਬਿਜਲੀ ਦੀ ਗਾਰੰਟੀ ਜਿਸ ਵਿੱਚ ਸਭ ਲਈ ਤਿੱਨ ਸੌ ਯੂਨਿਟ ਉਸ ਤੋਂ ਬਾਅਦ ਦੂਜੀ ਗਾਰੰਟੀ ਸਿਹਤ ਸੁਵਿਧਾ ਤੇ ਹੁਣ ਤੀਜੀ ਗਾਰੰਟੀ ਅਠਾਰਾਂ ਸਾਲ ਤੋਂ ਉੱਪਰ ਹਰ ਮਹਿਲਾ ਲਈ ਪ੍ਰਤੀ ਮਹੀਨਾ ਹਜ਼ਾਰ ਰੁਪਿਆ ਦੇਣ ਦੇਣ ਦਾ ਐਲਾਨ ਕੀਤਾ ।ਇਸ ਦੇ ਨਾਲ ਹੀ ਕਿਹਾ ਕਿ ਪੰਜਾਬ ਦੇ ਲੋਕ ਰਵਾਇਤੀ ਪਾਰਟੀਆਂ ਤੋਂ ਆਪਣੇ ਆਪ ਨੂੰ ਠੱਗਿਆ ਠੱਗਿਆ ਮਹਿਸੂਸ ਕਰ ਰਹੇ ਹਨ ।ਹੁਣ ਇਸ ਵਾਰ ਆਮ ਆਦਮੀ ਪਾਰਟੀ ਦੀ ਸਰਕਾਰ ਬਣਾ ਕੇ ਪੰਜਾਬ ਵਿੱਚ ਆਪ ਦੀ ਸਰਕਾਰ ਲੈ ਕੇ ਆਉਣਗੇ ਇਸ ਮੌਕੇ ਸਾਬਕਾ ਜ਼ਿਲ੍ਹਾ ਪ੍ਰਧਾਨ ਮਾਸਟਰ ਦੇਵਰਾਜ ਸ਼ਰਮਾ ਹਲਕਾ ਕੋਆਰਡੀਨੇਟਰ ਮਹਿਲਾ ਵਿੰਗ ਮੈਡਮ ਸੁਧਾ, ਸੋਨੀਆ , ਅਨਾਮੀਕਾ ,ਪਿੰਦਰ ਜਾਨੀਸਰ, ਗੁਰਜੀਤ ਸਿੰਘ, ਸਾਮ ਲਾਲ ,ਗੁਰਧੀਰ ਸਿੰਘ, ਬਿੰਦਰ ,ਬਿਟੂ ਟਿੰਡਾਂ ਵਾਲਾ ,ਬਲਵਿੰਦਰ ਸਿੰਘ, ਅਤੇ ਹੋਰ ਵਰਕਰ ਵਲੰਟੀਅਰ ਹਾਜਰ ਰਹੇ।

# ਪਾਵਰ ਕਾਮ ਦਫਤਰ ਪਾਤੜਾਂ ਵਿਖੇ ਜੂਨੀਅਰ ਇੰਜੀਨੀਅਰਾਂ ਵਲੋਂ ਪੰਜਾਬ ਸਰਕਾਰ ਅਤੇ ਮੈਨੇਜਮੈਂਟ ਖ਼ਿਲਾਫ ਕੀਤਾ ਰੋਸ ਪ੍ਰਦਰਸ਼ਨ



**ਪਾਤੜਾਂ/ਲੋਕ ਬਾਣੀ**

ਪਾਵਰ ਕਾਮ ਦਫਤਰ ਪਾਤੜਾਂ ਵਿਖੇ ਪਾਤੜਾਂ, ਦਿੜ੍ਹਬਾ ਅਤੇ ਲਹਿਰਾਗਾਗਾ ਦਫਤਰਾਂ ਦੇ ਸਮੂਹ ਜੇਈਆਂ ਵਲੋਂ ਪੰਜਾਬ ਸਰਕਾਰ ਅਤੇ ਪਾਵਰ ਕਾਮ ਦੀ ਮੈਨੇਜਮੈਂਟ ਦੇ ਖ਼ਿਲਾਫ ਰੋਸ ਜਾਹਿਰ ਕਰਦਿਆਂ ਧਰਨਾ ਦਿੱਤਾ ਗਿਆ ਅਤੇ ਆਪਣੀਆਂ ਮੰਗਾਂ ਸਬੰਧੀ ਇਕ ਮੰਗ ਪੱਤਰ ਵੀ ਐਕਸੀਅਨ ਪਾਤੜਾਂ ਨੂੰ ਦਿੱਤਾ ਗਿਆ . ਇਸ ਸੰਬੰਧੀ ਜਾਣਕਾਰੀ ਦਿੰਦਿਆਂ ਜੂਨੀਅਰ ਇੰਜੀਨੀਅਰ ਭਗਵਾਨ ਸਰਮਾ, ਹਰਦੀਪ ਸਿੰਘ ਅਤੇ ਸੰਦੀਪ ਕੁਮਾਰ ਨੇ ਦੱਸਿਆ ਕਿ ਪਾਵਰ ਕਾਮ ਵਿਚ ਕੰਮ ਕਰਦੇ ਪਾਵਰ ਜੂਨੀਅਰ ਇੰਜੀਨੀਅਰਾਂ ਨੂੰ ਪੰਜਾਬ ਸਰਕਾਰ ਦੇ ਵੱਖ-ਵੱਖ ਵਿਭਾਗਾਂ ਵਿਚ ਕੰਮ ਕਰਦੇ ਉਨ੍ਹਾਂ ਦੇ ਹਮਰੁਤਬਾ ਜੂਨੀਅਰ ਇੰਜੀਨੀਅਰਾਂ ਨਾਲੋ8 ਘੱਟ ਤਨਖਾਹ ਸਕੇਲ ਦਿੱਤੇ ਜਾ ਰਹੇ ਹਨ . ਪਾਵਰ ਕਾਮ ਜੂਨੀਅਰ ਇੰਜੀਨੀਅਰਾਂ ਨੂੰ ਸੁਰੂਆਤੀ ਤਨਖਾਹ 17450/- ਰੁਪਏ ਦਿੱਤੀ ਜਾ ਰਹੀ ਹੈ ਜਦੋਂ ਕਿ ਪੰਜਾਬ ਸਰਕਾਰ ਨੇ ਦਸੰਬਰ 2011 ਤੋਂ ਆਪਣੇ ਜੂਨੀਅਰ ਇੰਜੀਨੀਅਰਾਂ ਨੂੰ 18250/- ਰੁਪਏ ਦੀ ਸੁਰੂਆਤੀ ਤਨਖਾਹ ਦਿੱਤੀ ਹੈ ਜੋ ਕਿ ਪਾਵਰ ਕਾਮ ਜੂਨੀਅਰ ਇੰਜੀਨੀਅਰਾਂ ਨਾਲ ਬੇਇਨਸਾਫੀ ਹੈ . ਉਨ੍ਹਾਂ ਦੱਸਿਆ ਕਿ ਪਾਵਰ ਕਾਮ ਵਿਚ ਜੂਨੀਅਰ ਇੰਜੀਨੀਅਰ ਤੋਂ ਇਲਾਵਾ ਹਰੇਕ ਕੇਡਰ ਦੀ ਤਨਖਾਹ, ਪੰਜਾਬ ਸਰਕਾਰ ਵਿਚ ਉਨ੍ਹਾਂ ਦੇ ਹਮਰੁਤਬਾ ਕੇਡਰ ਨਾਲੋਂ ਜਿਆਦਾ ਦਿੱਤੀ ਜਾ ਰਹੀ ਹੈ . ਉਨ੍ਹਾਂ ਕਿਹਾ ਕਿ ਪਾਵਰ ਕਾਮ ਦੇ ਜੂਨੀਅਰ ਇੰਜੀਨੀਅਰ ਦਿਨ ਰਾਤ ਮਹਿਕਮੇ ਦੇ ਕੰਮਾਂ ਨੂੰ ਪੂਰਾ ਕਰਨ ਅਤੇ ਪਬਲਿਕ ਨੂੰ ਨਿਰਵਿਘਨ ਸਪਲਾਈ ਦੇਣ ਲਈ ਵਡਮੁੱਲਾ ਯੋਗਦਾਨ ਦਿੰਦੇ ਹਨ, ਜਿਸ ਨੂੰ ਅਣਗੌਲਿਆ ਕਰਦਿਆਂ ਪਾਵਰ ਕਾਮ ਅਤੇ ਪੰਜਾਬ ਸਰਕਾਰ ਵਲੋਂ ਇਹ ਵਿਤਕਰਾ ਇਸ ਕੇਡਰ ਨਾਲ ਕੀਤਾ ਜਾ ਰਿਹਾ ਹੈ . ਉਨ੍ਹਾਂ ਕਿਹਾ ਕਿ ਸਮੂਹ ਜੂਨੀਅਰ ਇੰਜੀਨੀਅਰ ਕੇਡਰ ਇਸ ਰਵੱਈਏ ਦੀ ਘੋਰ ਨਿੰਦਾ ਕਰਦਾ ਹੈ ਤੇ ਉਨ੍ਹਾਂ ਦੀਆਂ ਮੰਗਾ ਦਾ ਨਿਪਟਾਰਾ ਨਾ ਹੋਣ ਤੱਕ ਸੰਘਰਸ ਨੂੰ ਚਾਲੂ ਰੱਖਿਆ ਜਾਵੇਗਾ।

# ਦਿੱਲੀ ਕਾਨਵੈਂਟ ਸਕੂਲ ਵਿਖੇ ਬੱਚਿਆਂ ਦੇ ਮਾਪਿਆਂ ਦੀ ਹੋਈ ਅਹਿਮ ਮੀਟਿੰਗ

**ਮੋਗਾ/ਦਵਿੰਦਰ ਸਿੰਘ ਬਿੱਟੂ**

ਕਸਬੇ ਦੀ ਨਾਮਵਾਰ ਵਿੱਦਿਅਕ ਸੰਸਥਾ ਚ ਅਠਾਰਾਂ ਦਸੰਬਰ ਦਿੱਲੀ ਕਾਨਵੈਂਟ ਸਕੂਲ (ਮੁੰਡੀ ਜਮਾਲ )ਵਿਖੇ ਚੇਅਰਮੈਨ ਬਲਜੀਤ ਸਿੰਘ ਭੁੱਲਰ ਸਕੂਲ ਡਾਇਰੈਕਟਰ ਬਲਵਿੰਦਰ ਸਿੰਘ ਸੰਧੂ , ਅਤੇ ਸਕੂਲ ਦੇ ਪ੍ਰਿੰਸੀਪਲ ਵਿਪਨ ਕੁਮਾਰ ਜਸਵਾਲ ਦੀ ਯੋਗ ਅਗਵਾਈ ਹੇਠ, ਪੇਰੈਂਟਸ ਇੰਟਰ ਐਕਸ਼ਨ ਸੈਸ਼ਨ ਕਰਵਾਇਆ ਗਿਆ ।ਜਿਸ ਵਿਚ ਦਿੱਲੀ ਕਾਨਵੈਂਟ ਸਕੂਲ ਦੇ ਬੱਚਿਆਂ ਦੇ ਮਾਪਿਆਂ ਨੇ ਵੱਧ ਚੜ੍ਹ ਕੇ ਹਿੱਸਾ ਲਿਆ ਅਤੇ ਮਾਪਿਆਂ ਲਈ ਸਕੂਲ ਵੱਲੋਂ ਟੀ ਪਾਰਟੀ ਦਾ ਪ੍ਰਬੰਧ ਵੀ ਕੀਤਾ ਗਿਆ, ਇਸ ਸੈਸ਼ਨ ਦੀ ਅਗਵਾਈ ਡਾ ਪ੍ਰੀਟੀ ਭੱਲਾ ਅਤੇ ਮਿਸਟਰ ਸੌਰਭ ਸ਼ਰਮਾ ਦੁਆਰਾ ਕੀਤੀ ਗਈ । ਜਿਸ ਵਿਚ ਮਾਪਿਆਂ ਨੂੰ ਪੜ੍ਹਾਈ ਪ੍ਰਤੀ ਜਾਗਰੂਕ ਕੀਤਾ ਗਿਆ ਅਤੇ ਅਨੁਸ਼ਾਸਨ ਵਿੱਚ ਰਹਿ ਕੇ ਅਸੀਂ ਸਾਰੇ ਕਿੱਦਾਂ ਆਪਣੇ ਬੱਚਿਆਂ ਦੀ ਮਾਨਸਿਕਤਾ ਨੂੰ ਉੱਪਰ ਚੁੱਕ ਸਕਦੇ ਹਾਂ। ਇਸ ਬਾਰੇ ਦੱਸਿਆ ਗਿਆ, ਉਪਰੰਤ ਇਸ ਸੈਸ਼ਨ ਦੌਰਾਨ ਮਾਪਿਆਂ ਦੀਆਂ ਮੁਸ਼ਕਲਾਂ ਸੁਣ ਕੇ ਉਨ੍ਹਾਂ ਦਾ ਨਿਪਟਾਰਾ ਵੀ ਕੀਤਾ ਗਿਆ, ਇਸ ਸੈਸ਼ਨ ਦੇ ਅੰਤ ਵਿਚ ਆਏ ਹੋਏ ਸਾਰੇ ਹੀ ਮਾਪਿਆਂ ਦਾ ਪ੍ਰਿੰਸੀਪਲ ਅਤੇ ਮੈਨੇਜਮੈਂਟ ਵੱਲੋਂ ਧੰਨਵਾਦ ਕੀਤਾ ਗਿਆ।



# ਸ਼ਹੀਦ ਭਗਤ ਸਿੰਘ ਵੈਲਫੇਅਰ ਸੁਸਾਇਟੀ ਵਲੋਂ 71 ਲੋੜਵੰਦ ਪਰਿਵਾਰਾਂ ਨੂੰ ਗਰਮ ਸ਼ਾਲ ਵੰਡੇ

**ਦੀਨਾਨਗਰ/ਡਾ .ਰਮੇਸ਼ ਸਰੰਗਲ**



ਸ਼ਹੀਦ ਭਗਤ ਸਿੰਘ ਵੈਲਫੇਅਰ ਸੁਸਾਇਟਟੀ ਦੀਨਾਨਗਰ ਦੇ ਪ੍ਰਧਾਨ ਸ਼੍ਰੀ ਰਮੇਸ਼ ਪਾਲ ਦੀ ਅਗਵਾਈ ਵਿੱਚ ਸੁਸਾਇਟੀ ਨੇ ਆਪਣੇ ਦਫਤਰ ਪਿੰਡ ਦਬੁਰਜੀ ਸ਼ਾਮ ਸਿੰਘ ਵਿਖੇ ਸ਼ਹੀਦ ਰਾਮ ਪ੍ਰਸਾਦ ਬਿਸਮਿਲ, ਸ਼ਹੀਦ ਅਸਫਾਕ ਉੱਲਾ ਖਾਂ, ਸ਼ਹੀਦ ਰੋਸਨ ਸਿੰਘ ਦਾ ਸ਼ਹੀਦੀ ਦਿਹਾੜਾ ਬੜੀ ਸ਼ਰਧਾਪੂਰਵਕ ਮਨਾਇਆ ਗਿਆ । ਇਸ ਪ੍ਰੋਗਰਾਮ ਵਿੱਚ ਸੁਸਾਇਟੀ ਨੇ ਪਿੰਡ ਦਬੁਰਜੀ ਸ਼ਾਮ ਸਿੰਘ ਦੀਆਂ 40 ਵਿਧਵਾ ਗਰੀਬ ਔਰਤਾਂ ਨੂੰ ਗਰਮ ਸ਼ਾਲ ਵੰਡੇ ਤੇ 31 ਗਰੀਬ ਲੋੜਵੰਦ ਪਰਿਵਾਰਾਂ ਨੂੰ ਗਰਮ ਲੋਈਆਂ ਵੰਡ ਕੇ ਸ਼ਹੀਦਾਂ ਨੂੰ ਸੱਚੀ ਸਰਧਾਂਜਲੀ ਦਿੱਤੀ । ਇਸ ਪ੍ਰੋਗਰਾਮ ਵਿੱਚ ਭਾਰੀ ਲੋਕਾਂ ਦਾ ਇਕੱਠ ਦੇਖਿਆ ਗਿਆ ।ਇਸ ਮੌਕੇ ਅਧਿਆਪਕ ਯੂਨੀਅਨ ਦੇ ਆਗੂ ਸ਼੍ਰੀ ਭਗਵਾਨ ਦਾਸ ਸੈਣੀ ਨੇ ਵਿਸ਼ੇਸ਼ ਬੁਲਾਰੇ ਵਜੋਂ ਸੰਬੋਧਨ ਕਰਦੇ ਹੋਏ ਸ਼ਹੀਦ ਪੰਡਿਤ ਰਾਮ ਪ੍ਰਸਾਦ ਬਿਸਮਿਲ, ਸ਼ਹੀਦ ਅਸਫਾਕ ਉਲਾ ਖਾਂ, ਸ਼ਹੀਦ ਰੋਸਨ ਸਿੰਘ ਦੇ ਜੀਵਨ ਬਾਰੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਅੱਜ ਦੇ ਦਿਨ 19 ਦਸੰਬਰ 1927 ਈਸਵੀ ਵਿੱਚ ਇਹਨਾਂ ਮਹਾਨ ਕਰਾਂਤੀਕਾਰੀ ਦੇਸ਼ ਭਗਤਾਂ ਨੂੰ ਅੰਗਰੇਜੀ ਸਰਕਾਰ ਨੇ ਫਾਂਸੀ ਦੀ ਸਜਾ ਦਿੱਤੀ ਸੀ । ਅੱਜ ਦਾ ਦਿਨ ਇੱਕ ਮਹੱਤਵਪੂਰਨ ਇਤਿਹਾਸਕ ਦਿਨ ਹੈ , ਜਿਸ ਨੂੰ ਕਦੇ ਭੁਲਾਇਆ ਨਹੀਂ ਜਾ ਸਕਦਾ । ਉਨਾਂ ਕਿਹਾ ਕਿ ਸ਼ਹੀਦ ਪੰਡਿਤ ਰਾਮ ਪ੍ਰਸਾਦ ਬਿਸਮਿਲ ਨੇ ਦੇਸ਼ ਨੂੰ ਆਜ਼ਾਦ ਕਰਵਾਉਣ ਲਈ ਕਲਮ ਅਤੇ ਪਿਸਤੌਲ ਨੂੰ ਮੁੱਖ ਹਥਿਆਰ ਬਣਾਇਆ । ਉਹ ਉਰਦੂ ਭਾਸ਼ਾ ਦੇ ਗਜਬ ਦੇ ਸਾਇਰ, ਹਿੰਦੀ ਦੇ ਕਵੀ ਅੰਗਰੇਜ਼ੀ ਦੇ ਵਿਦਵਾਨ ਸਨ।ਉਸ ਸਮੇ ਦੀ ਅੰਗਰੇਜ਼ ਸਰਕਾਰ ਸ਼ਹੀਦ ਪੰਡਿਤ ਰਾਮ ਪ੍ਰਸਾਦ ਬਿਸਮਿਲ ਤੋਂ ਡਰਦੀ ਤੇ ਖੌਫ ਖਾਂਦੀ ਸੀ । ਸ਼ਹੀਦ ਪੰਡਿਤ ਰਾਮ ਪ੍ਰਸਾਦ ਬਿਸਮਿਲ ਦੀਆਂ ਜੇਲ੍ਹ ਅੰਦਰ ਖ਼ੂਨ ਨਾਲ ਲਿਖੀਆਂ ਕਵਿਤਾਵਾਂ ਅੱਜ ਵੀਂ ਦੁਨੀਆ ਭਰ ਦੇ ਨੋਜਵਾਨਾਂ ਦੇ ਦਿਲਾਂ ਵਿੱਚ ਕਰਾਂਤੀਕਾਰੀ ਦੇਸ਼ -ਭਗਤੀ ਦੀ ਭਾਵਨਾ ਪੈਦਾ ਕਰਦੀਆਂ ਹਨ । ਉਹਨਾਂ ਦੀਆਂ ਕਵਿਤਾਵਾਂ ਨੂੰ ਗਾ ਕੇ ਸੁਣਾਇਆ ਗਿਆ । ਸੁਸਾਇਟੀ ਦੇ ਪ੍ਰਧਾਨ ਸ਼੍ਰੀ ਰਮੇਸ਼ ਪਾਲ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਸਾਨੂੰ ਇਹਨਾਂ ਦੇਸ਼ -ਭਗਤਾਂ ਦੇ ਨਕਸ਼ੇ ਕਦਮਾਂ ਉੱਤੇ ਚਲਦੇ ਹੋਏ ਦੇਸ਼ ਦੀ ਸੇਵਾ ਕਰਨੀ ਚਾਹੀਦੀ ਹੈ । ਅੱਜ ਦੇਸ਼ ਭਰ ਦੇ ਨੋਜਵਾਨਾਂ ਨੂੰ ਸ਼ਹੀਦਾਂ ਦੇ ਸੁਪਨਿਆਂ ਦਾ ਭਾਰਤ ਬਣਾਉਣ ਲਈ ਇੱਕ ਪਲੇਟਫਾਰਮ ਉੱਤੇ ਇੱਕਠੇ ਹੋਣ ਦੀ ਖਾਸ਼ ਲੋੜ ਹੈ। ਇਸ ਪ੍ਰੋਗਰਾਮ ਵਿੱਚ ਡੀ ਐਸ ਪੀ ਰਾਜਬੀਰ ਸਿੰਘ ਮੁੱਖ ਮਹਿਮਾਨ, ਬੀ ਐਮ ਟੀ ਸੰਦੀਪ ਕਾਟਲ ਸੈਕਟਰ ਅਫਸਰ ਗੁਰਦੀਪ ਸਿੰਘ ਵਿਸ਼ੇਸ਼ ਮਹਿਮਾਨ ਵਜੋਂ ਹਾਜਰ ਹੋਏ ।ਇਸ ਮੌਕੇ ਮੁੱਖ ਮਹਿਮਾਨ ਅਤੇ ਵਿਸ਼ੇਸ਼ ਮਹਿਮਾਨਾਂ ਨੂੰ ਸਰੋਪੇ ਪਾ ਕੇ ਸਨਮਾਨਿਤ ਕੀਤਾ ਗਿਆ । ਇਸ ਮੌਕੇ ਹੈਡ ਟੀਚਰ ਸੰਜੀਵ ਕੁਮਾਰ, ਸੁਸਾਇਟੀ ਦੇ ਸੀਨੀਅਰ ਵਾਈਸ ਪ੍ਰਧਾਨ ਸਰਦਾਰ ਹਰਭਜਨ ਸਿੰਘ, ਗੁਲਜ਼ਾਰੀ ਲਾਲ, ਦਰਸ਼ਨ ਕੁਮਾਰ, ਦਰਸਨ ਸਿੰਘ , ਮੁਨੀਸ਼ ਕੁਮਾਰ , ਦਲਵੀਰ ਚੰਦ , ਰਮਨ ਕੁਮਾਰ, ਡਿੰਪਲ ਕੁਮਾਰ, ਕਿਰਪਾਲ ਸਿੰਘ , ਅਜੀਤ ਸਿੰਘ, ਸੁਰਜੀਤ ਕੁਮਾਰ, ਸ਼ਤੀਸ ਕੁਮਾਰ, ਮਨਜੀਤ ਕੁਮਾਰ ਅਨਿਲ ਕੁਮਾਰ ,ਹਰਜਿੰਦਰ ਕੁਮਾਰ ਸੁਰਿੰਦਰ ਪਾਲ, ਬਲਵੀਰ ਕੁਮਾਰ, ਓਮ ਪਰਕਾਸ਼, ਘਸੀਟ ਰਾਮ, ਰਾਕੇਸ਼ ਕੁਮਾਰ, ਕੁਲਦੀਪ ਸਿੰਘ, ਦਲਵਿੰਦਰ ਸਿੰਘ, ਕਮਲ ਕਿਸ਼ੋਰ, ਨਰਿੰਦਰ ਕੁਮਾਰ, ਅਸ਼ਵਨੀ ਕੁਮਾਰ, ਪਰਸ਼ੋਤਮ ਲਾਲ, ਰਮੇਸ਼ ਕੁਮਾਰ, ਸੰਨੀ ਸਰਪੰਚ , ਚੰਚਲ ਸਿੰਘ ਆਦਿ ਹਾਜ਼ਰ ਸਨ।

# ਲੁਧਿਆਣਾ ਪੁਲਿਸ ਵੱਲੋਂ ਬੀਤੇ ਦਿਨੀ ਹੋਈ ਲੁੱਟ ਦਾ ਮਾਮਲਾ ਸੁਲਝਾਉਂਦਿਆਂ 3 ਦੋਸ਼ੀਆਂ ਨੂੰ ਕੀਤਾ ਕਾਬੂ



**ਲੁਧਿਆਣਾ/ਲੋਕ ਬਾਣੀ**

ਸ੍ਰੀ ਗੁਰਪ੍ਰੀਤ ਸਿੰਘ ਭੁੱਲਰ, ਕਮਿਸ਼ਨਰ ਪੁਲਿਸ ਲੁਧਿਆਣਾ ਜੀ ਨੇ ਦੱਸਿਆ ਕਿ ਰਾਧਾ ਮੋਹਨ ਥਾਪਰ ਜਿਨ੍ਹਾਂ ਦੀ ਸਿਵਾ ਹੋਜਰੀ ਨਾਮ ਪਰ ਇੰਡਸਟਰੀਅਲ ਏਰੀਆ ਨੇੜੇ ਆਰ.ਕੇ ਰੋਡ ਲੁਧਿਆਣਾ ਵਿੱਖੇ ਫੈਕਟਰੀ ਹੈ।ਮਿਤੀ 10-12-2021 ਨੂੰ ਕਰੀਬ 8:30 ਦੇ 06 ਨਾਮਲੂਮ ਵਿਅਕਤੀਆਂ ਵੱਲੋਂ ਜੋ ਕਿ 2 ਮੋਟਰ ਸਾਈਕਲਾਂ ਪਰ ਸਵਾਰ ਹੋ ਕੇ ਤੇਜਧਾਰ ਹਥਿਆਰਾਂ ਨਾਲ ਹਮਲਾ ਕਰਕੇ ਉਸ ਪਾਸੋਂ 9 ਲੱਖ 50 ਹਾਜਰ ਰੁਪਏ ਦੀ ਲੁੱਟ ਦੀ ਵਾਰਦਾਤ ਨੂੰ ਅੰਜਾਮ ਦਿੱਤਾ ਸੀ।ਜਿਸ ਨੂੰ ਸੀ.ਆਈ.ਏ ਸਟਾਫ-1 ਵੱਲੋਂ ਟਰੇਸ ਕਰਕੇ 03 ਦੋਸ਼ੀਆਨ ਨੂੰ ਗ੍ਰਿਫਤਾਰ ਕਰਕੇ ਉਨ੍ਹਾਂ ਪਾਸੋਂ ਲੁੱਟ ਕੀਤੀ ਰਕਮ 2,72000/- ਰੁਪਏ ਬ੍ਰਾਂਮਦ ਕਰਾਉਣ ਵਿੱਚ ਸਫਲਤਾ ਹਾਸਲ ਕੀਤੀ ਹੈ। ਮਿਤੀ.10.12.2021 ਨੂੰ ਰਾਧਾ ਮੋਹਨ ਥਾਪਰ ਪੁੱਤਰ ਜਤਿੰਦਰ ਨਾਥ ਥਾਪਰ ਵਾਸੀ ਮਕਾਨ ਨੰ: 4 ਏ ਅਗਰ ਨਗਰ ਐਕਸਟੈਸ਼ਨ ਘਈ ਕਲੋਨੀ ਥਾਣਾ ਸਰਾਭਾ ਨਗਰ ਲੁਧਿਆਣਾ ਦੇ ਬਿਆਨਾਂ ਦੇ ਅਧਾਰ ਤੇ ਮੁਕੱਦਮਾ ਨੰ. 304 ਮਿਤੀ 10.12.2021 ਅ/ਧ 394,148,149,120- ਥਾਣਾ ਮੋਤੀ ਨਗਰ ਜਿਲ੍ਹਾ ਲੁਧਿਆਣਾ ਦਰਜ ਰਜਿਸਟਰ ਹੋਇਆ ਸੀ "ਕਿ ਉਸ ਦੀ ਇੰਡਸਟਰੀਅਲ ਏਰੀਆ ਨੇੜੇ ਆਰ.ਕੇ ਰੋਡ ਲੁਧਿਆਣਾ ਵਿੱਖੇ ਸਿਵ ਹੋਜਰੀ ਨਾਮ ਦੀ ਫੈਕਟਰੀ ਹੈ। ਹੋਜਰੀ ਵਿੱਚ 25 ਤੋਂ 30 ਵਿਅਕਤੀ ਕੰਮ ਕਰਦੇ ਹਨ। ਜਿਨ੍ਹਾਂ ਨੂੰ ਉਹ ਹਰ ਮਹੀਨੇ 10 ਤਰੀਕ ਨੂੰ ਤਨਖਾਹ ਦਿੰਦਾ ਹੈ। ਤਨਖਾਹ ਦੇਣ ਲਈ ਉਸ ਨੇ ਪੰਜਾਬ ਨੈਸ਼ਨਲ ਬੈਂਕ ਵਿੱਚੋਂ ਕਰੀਬ 9 ਲੱਖ ਰੁਪਏ ਕਢਵਾ ਕੇ ਸਮੇਤ ਆਪਣੇ ਐਪਲ ਦੇ 02 ਮੋਬਾਇਲ ਫੋਨ ਬੈਗ ਵਿੱਚ ਪਾਏ ਸਨ।ਜੋ ਕੇ ਹਰ ਰੋਜ ਦੀ ਤਰ੍ਹਾਂ ਉਹ ਆਪਣੇ ਘਰ ਤੋਂ ਫੈਕਟਰੀ ਪੁੱਜਾ।ਜਦੋਂ ਉਹ ਆਪਣੀ ਕਾਰ ਵਿੱਚੋਂ ਉਤਰ ਕੇ ਫੈਕਟਰੀ ਅੰਦਰ ਜਾਣ ਲੱਗਾ ਤਾਂ ਉਸ ਪਰ ਇੱਕ ਦਮ ਪਿੱਛੋ ਨਾਮਲੂਮ ਵਿਅਕਤੀਆਂ ਨੇ ਤੇਜਧਾਰ ਹਥਿਆਰਾਂ ਨਾਲ ਹਮਲਾ ਕਰ ਦਿੱਤਾ ਅਤੇ ਉਸ ਦੇ ਹੱਥ ਵਿੱਚ ਫੜੇ ਬੈਗ ਨੂੰ ਲੁੱਟ ਕੇ ਲੈ ਗਏ। ਜੋ ਲੁੱਟ ਦੀ ਵਾਰਦਾਤ ਨੂੰ ਅੰਜਾਮ ਦੇਣ ਵਾਲੇ ਕੁੱਲ 06 ਵਿਅਕਤੀਆਂ ਸਨ ਜੋ ਕਿ 2 ਮੋਟਰ ਸਾਈਕਲਾਂ ਪਰ ਸਵਾਰ ਸਨ। ਵਾਰਦਾਤ ਤੋਂ ਤੁਰੰਤ ਬਾਅਦ ਮੋਕਾ ਪਰ ਸੀ.ਆਈ.ਏ ਸਟਾਫ-1 ਦੀ ਪੁਲਿਸ ਪਾਰਟੀ ਅਤੇ ਥਾਣਾ ਮੋਤੀ ਨਗਰ ਦੀ ਪੁਲਿਸ ਪਾਰਟੀ ਨੂੰ ਭੇਜਿਆ ਗਿਆ ਸੀ ਅਤੇ ਆਦੇਸ਼ ਦਿੱਤੇ ਗਏ ਸਨ ਕਿ ਮੁਕੱਦਮਾ ਵਿੱਚ ਨਾਮਲੂਮ ਵਿਅਕਤੀਆਂ ਦਾ ਸੁਰਾਗ ਲਗਾ ਕੇ ਹਰ ਹਾਲਤ ਵਿੱਚ ਮੁੱਕਦਮਾ ਟਰੇਸ ਕੀਤਾ ਜਾਵੇ। ਸੀ.ਆਈ.ਏ.ਸਟਾਫ-1 ਦੀ ਟੀਮ ਵੱਲੋਂ ਮੁੱਕਦਮੇ ਨੂੰ ਪ੍ਰੋਫ਼ੈਸ਼ਨਲ ਅਤੇ ਸਾਇੰਟੀਫਿਕ ਢੰਗ ਨਾਲ ਤਫਤੀਸ਼ ਕਰਦੇ ਹੋਏ 48 ਘੰਟਿਆਂ ਦੇ ਅੰਦਰ ਅੰਦਰ 02 ਦੋਸ਼ੀਆਨ ਨੂੰ ਮਕਾਨ ਨੰਬਰ 591 ਸੈਕਟਰ 25 ਚੰਡੀਗੜ੍ਹ ਤੋਂ ਗ੍ਰਿਫਤਾਰ ਕਰ ਲਿਆ ਸੀ ਅਤੇ ਇੱਕ ਦੋਸ਼ੀ ਨੂੰ ਮੁਕੱਦਮਾ ਵਿੱਚ ਬਾਅਦ ਵਿੱਚ ਗ੍ਰਿਫਤਾਰ ਕਰ ਲਿਆ ਹੈ। ਤਿੰਨੋ ਦੋਸ਼ੀ ਪੁਲਿਸ ਰਿਮਾਂਡ ਅਧੀਨ ਹਨ। ਪੁਲਿਸ ਰਿਮਾਂਡ ਅਧੀਨ ਗ੍ਰਿਫਤਾਰ ਕੀਤੇ ਦੋਸ਼ੀਆਨ ਦੀ ਨਿਸ਼ਾਨਦੇਹੀ ਤੇ ਬ੍ਰਾਂਮਦ ਕੀਤੀ ਲੁੱਟ ਦੀ ਰਕਮ ਤੋਂ ਇਲਾਵਾ ਲੁੱਟ ਕੀਤੇ 02 ਮਾਰਕਾ 12 10, ਬੈਗ ਜਿਸ ਵਿੱਚ 02 ਜੋ ਕਿ ਦੋਸ਼ੀਆਨ ਵੱਲੋਂ ਵਾਰਦਾਤ ਨੂੰ ਅੰਜਾਮ ਦੇਣ ਤੋਂ ਬਾਅਦ ਗਿੱਲ ਨਹਿਰ ਵਿੱਚ ਸਬੂਤ ਖੁਰਦਬੁਰਦ ਕਰਨ ਲਈ ਸੁੱਟ ਦਿੱਤੇ ਸਨ, ਗੋਤਾਖੋਰਾਂ ਦੀ ਮਦਦ ਨਾਲ ਬ੍ਰਾਂਮਦ ਕਰ ਲਏ ਹਨ। ਦੋਸ਼ੀਆਨ ਦੀ ਪੁੱਛਗਿੱਛ ਤੋਂ ਇਨ੍ਹਾਂ ਦੇ 03 ਹੋਰ ਸਾਥੀਆਨ ਦੇ ਨਾਮ ਪਤੇ ਐਡਰੈਸ ਤਸਦੀਕ ਹੋ ਚੁੱਕੇ ਹਨ। ਜਿਨ੍ਹਾਂ ਨੂੰ ਗ੍ਰਿਫਤਾਰ ਕਰਨ ਲਈ ਲਗਾਤਾਰ ਛਾਪੇ ਮਾਰੀ ਕੀਤੀ ਜਾ ਰਹੀ ਹੈ। ਦੋਸ਼ੀਆਨ ਦੀ ਪੁੱਛਗਿੱਛ ਤੋਂ ਇਹ ਵੀ ਖੁਲਾਸਾ ਹੋਇਆ ਕਿ ਉਨ੍ਹਾਂ ਨੂੰ ਰਾਧਾ ਮੋਹਨ ਥਾਪਰ ਮਾਲਕ ਸਿਵਾ ਹੋਜਰੀ ਦੀ ਰੈਕੀ ਸੋਨੂੰ ਕੁਮਾਰ ਪੁੱਤਰ ਰਾਮ ਕੁਮਾਰ ਵਾਸੀ ਬਲਾਕ ਡੀ 1 ਫਲੋਰ ਗਿਆਸਪੁਰਾ ਫਲੈਟ ਲੁਧਿਆਣਾ ਨੇ ਕਰਵਾਈ ਸੀ।ਦੋਸ਼ੀ ਸੋਨੂੰ ਕੁਮਾਰ ਜੋ ਕਿ ਪਹਿਲਾ ਰਾਧਾ ਮੋਹਨ ਥਾਪਰ ਦੀ ਫੈਕਟਰੀ ਸਿਵਾ ਹੋਜਰੀ ਵਿੱਚ ਸਫਾਈ ਦਾ ਕੰਮ ਕਰਦਾ ਸੀ।

# ਡੀ.ਬੀ.ਈ.ਈ. ਲੁਧਿਆਣਾ ਨੇ ਰਾਜ ਪੱਧਰੀ 'ਹਾਈ ਐਂਡ ਜੌਬ ਫੇਅਰ' 'ਚ ਹਾਸਲ ਕੀਤਾ ਤੀਜਾ ਸਥਾਨ

## ਕੈਬਨਿਟ ਮੰਤਰੀ ਰਾਣਾ ਗੁਰਜੀਤ ਸਿੰਘ ਵੱਲੋਂ ਕਪੂਰਥਲਾ 'ਚ ਦਿੱਤਾ ਗਿਆ ਵਿਸ਼ੇਸ਼ ਸਨਮਾਨ






**ਲੁਧਿਆਣਾ/ਕਰਨ ਅਗਰਵਾਲ**

ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ (ਡੀ.ਬੀ.ਈ.ਈ.), ਲੁਧਿਆਣਾ ਨੇ ਸੂਬਾ ਪੱਧਰੀ 'ਹਾਈ ਐਂਡ ਜੌਬ ਫੇਅਰ' ਵਿੱਚ ਤੀਜਾ ਸਥਾਨ ਪ੍ਰਾਪਤ ਕੀਤਾ। ਡਿਪਟੀ ਕਮਿਸ਼ਨਰ ਸ੍ਰੀ ਵਰਿੰਦਰ ਕੁਮਾਰ ਸ਼ਰਮਾ ਨੇ ਘਰ-ਘਰ ਰੋਜ਼ਗਾਰ ਮਿਸ਼ਨ ਦੀ ਪਹਿਲਕਦਮੀ ਤਹਿਤ ਦਸੰਬਰ 2021 ਵਿੱਚ ਆਯੋਜਿਤ ਰਾਜ ਪੱਧਰੀ 'ਹਾਈ ਐਂਡ ਜੌਬ ਫੇਅਰ' ਵਿੱਚ ਤੀਜਾ ਸਥਾਨ ਹਾਸਲ ਕਰਨ ਲਈ ਡੀ.ਬੀ.ਈ.ਈ. ਲੁਧਿਆਣਾ ਦੀ ਸਮੁੱਚੀ ਟੀਮ ਨੂੰ ਵਧਾਈ ਦਿੱਤੀ। ਇਸ ਰੋਜ਼ਗਾਰ ਮੇਲੇ ਵਿੱਚ ਉੱਘੀਆਂ ਕੰਪਨੀਆਂ ਦੁਆਰਾ ਪੇਸ਼ ਕੀਤਾ ਗਿਆ ਘੱਟੋ-ਘੱਟ ਸਾਲਾਨਾ ਪੈਕੇਜ 2.4 ਲੱਖ ਰੁਪਏ ਅਤੇ ਇਸ ਤੋਂ ਵੱਧ ਸੀ। ਵਧੀਕ ਡਿਪਟੀ ਕਮਿਸ਼ਨਰ (ਵਿਕਾਸ)-ਕਮ-ਸੀ.ਈ.ਓ ਡੀ.ਬੀ.ਈ.ਈ. ਸ੍ਰੀ ਅਮਿਤ ਕੁਮਾਰ ਪੰਚਾਲ ਨੇ ਸਰਗਰਮ ਭਾਗੀਦਾਰੀ ਲਈ ਵੱਖ-ਵੱਖ ਐਸੋਸੀਏਸ਼ਨਾਂ, ਰੋਜ਼ਗਾਰ ਦੇਣ ਵਾਲੀਆਂ ਕੰਪਨੀਆਂ, ਕਾਲਜਾਂ, ਯੂਨੀਵਰਸਿਟੀਆਂ ਅਤੇ ਇਸ ਵਿੱਚ ਸ਼ਾਮਲ ਵੱਖ-ਵੱਖ ਵਿਭਾਗਾਂ ਦੇ ਯਤਨਾਂ ਅਤੇ ਸਮਰਥਨ ਦੀ ਸ਼ਲਾਘਾ ਕੀਤੀ।ਉਨ੍ਹਾਂ ਨੇ ਇਸ ਸਮਾਗਮ ਵਿੱਚ ਸਹਿਯੋਗ ਦੇਣ ਵਾਲੇ ਵੱਖ-ਵੱਖ ਸਥਾਨਾਂ ਦੇ ਇੰਚਾਰਜਾਂ ਦਾ ਵੀ ਧੰਨਵਾਦ ਕੀਤਾ ਅਤੇ ਵਧਾਈ ਦਿੱਤੀ। ਚੁਣੇ ਗਏ ਉਮੀਦਵਾਰਾਂ ਵਿੱਚੋਂ, 25 ਉਮੀਦਵਾਰਾਂ ਨੂੰ 17 ਦਸੰਬਰ, 2021 ਨੂੰ ਆਈ.ਕੇ. ਗੁਜਰਾਲ ਪੀ.ਟੀ.ਯੂ. ਕਪੂਰਥਲਾ ਵਿਖੇ ਉੱਚ ਪੱਧਰੀ ਰੋਜ਼ਗਾਰ ਮੇਲੇ ਅਤੇ ਸਵੈ-ਰੁਜ਼ਗਾਰ ਲੋਨ ਮੇਲੇ ਦੇ ਸਨਮਾਨ ਸਮਾਰੋਹ ਵਿੱਚ ਹਿੱਸਾ ਲੈਣ ਲਈ ਸੱਦਾ ਦਿੱਤਾ ਗਿਆ ਸੀ ਜਿੱਥੇ ਉਹਨਾਂ ਨੂੰ ਕੈਬਨਿਟ ਮੰਤਰੀ ਰੋਜ਼ਗਾਰ ਉਤਪਤੀ ਤੇ ਹੁਨਰ ਵਿਕਾਸ ਸਿਖਲਾਈ ਰਾਣਾ ਗੁਰਜੀਤ ਸਿੰਘ ਵੱਲੋਂ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ ਗਿਆ ਸੀ।

# ਸੰਖੇਪ ਖਬਰਾਂ

## ਬੇਅਦਬੀ ਮਾਮਲਿਆਂ ਨੂੰ ਲੈ ਕੇ ਸਿੱਟ ਦਾ ਗਠਨ, ਦੋ ਦਿਨ ਦੇ ਅੰਦਰ ਰਿਪੋਰਟ ਦੇਣ ਦੇ ਹੁਕਮ



**ਚੰਡੀਗੜ੍ਹ/ਲੋਕ ਬਾਣੀ :** ਪੰਜਾਬ ਦੇ ਉਪ ਮੁੱਖ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਸ੍ਰੀ ਦਰਬਾਰ ਸਾਹਿਬ ਦੀ ਬੇਅਦਬੀ ਦੀ ਘਟਨਾ ਨੂੰ ਬਹੁਤ ਮੰਦਭਾਗਾ ਕਰਾਰ ਦਿੰਦਿਆਂ ਐਤਵਾਰ ਨੂੰ ਕਿਹਾ ਕਿ ਡੀ.ਸੀ.ਪੀ. ਲਾਅ ਐਂਡ ਆਰਡਰ ਦੀ ਅਗਵਾਈ ਹੇਠ ਇੱਕ ਵਿਸ਼ੇਸ਼ ਜਾਂਚ ਟੀਮ ਗਠਿਤ ਕੀਤੀ ਗਈ ਹੈ, ਜੋ ਦੋ ਦਿਨਾਂ ਵਿਚ ਜਾਂਚ ਰਿਪੋਰਟ ਪੇਸ਼ ਕਰੇਗੀ।

## ਡਾ. ਜੇ.ਪੀ. ਸਿੰਘ ਆਈ.ਐੱਮ.ਏ. 2023 ਲਈ ਬਣੇ ਜ਼ਿਲ੍ਹਾ ਪ੍ਰਧਾਨ

**ਜਲੰਧਰ/ਲੋਕ ਬਾਣੀ**

ਇੰਡੀਅਨ ਮੈਡੀਕਲ ਐਸੋਸੀਏਸ਼ਨ ਦੀ ਸਾਲ 2023 ਦੀ ਕਾਰਜਕਾਰਨੀ ਲਈ ਹੋਈ ਚੋਣ 'ਚ ਡਾ. ਜੇ.ਪੀ. ਸਿੰਘ ਨੂੰ ਪ੍ਰਧਾਨ ਚੁਣ ਲਿਆ ਗਿਆ ਹੈ। ਡਾ. ਜੇ.ਪੀ. ਸਿੰਘ ਨੇ ਕੁੱਲ ਵੋਟਾਂ 'ਚ 671 ਵੋਟਾਂ ਪ੍ਰਾਪਤ ਕੀਤੀਆਂ ਜਦਕਿ ਉਨ੍ਹਾਂ ਦੇ ਵਿਰੋਧੀ ਡਾ. ਐੱਮ.ਐੱਸ. ਭੂਟਾਨੀ ਨੂੰ 188 ਪਈਆਂ ਹਨ।

## ਬੇਅਦਬੀ ਕਰਨ ਵਾਲੇ ਦੋਸ਼ੀ ਦੀ ਪੁਲਿਸ ਨੇ ਜਾਰੀ ਕੀਤੀ ਤਸਵੀਰ, ਹਾਲੇ ਨਹੀਂ ਹੋਈ ਸ਼ਨਾਖ਼ਤ

**ਅੰਮ੍ਰਿਤਸਰ/ਲੋਕ ਬਾਣੀ :** ਅੰਮ੍ਰਿਤਸਰ ਪੁਲਿਸ ਵਲੋਂ ਬੀਤੇ ਦਿਨੀਂ ਵਾਪਰੀ ਬੇਅਦਬੀ ਦੀ ਘਟਨਾ ਦੇ ਮਾਮਲੇ 'ਚ ਮੁਲਜਮ ਦੀ ਸ਼ਨਾਖਤ ਨਹੀਂ ਕੀਤੀ ਗਈ ਹੈ , ਜਿਸ ਦੀ ਤਸਵੀਰ ਅੱਜ ਰਾਤ ਸ਼ਾਮ ਵੇਲੇ ਪੁਲਿਸ ਵਲੋਂ ਜਾਰੀ ਕੀਤੀ ਗਈ ਹੈ ।

## ਨੌਜਵਾਨ ਵਲੋਂ ਗੁਆਂਢੀ ਬਜੁਰਗ ਔਰਤ ਦਾ ਕਤਲ

**ਲੁਧਿਆਣਾ/ਲੋਕ ਬਾਣੀ**

ਥਾਣਾ ਮੇਹਰਬਾਨ ਦੇ ਘੇਰੇ ਅੰਦਰ ਪੈਂਦੇ ਪਿੰਡ ਚੂਹੜਵਾਲ 'ਚ ਨੌਜਵਾਨ ਵਲੋਂ ਗੁਆਂਢ ਵਿਚ ਰਹਿੰਦੀ ਬਜੁਰਗ ਔਰਤ ਦੇ ਕਤਲ ਕੀਤੇ ਜਾਣ ਦਾ ਮਾਮਲਾ ਸਾਹਮਣੇ ਆਇਆ ਹੈ । ਇਸ ਸੰਬੰਧੀ ਜਾਣਕਾਰੀ ਦਿੰਦਿਆਂ ਐਸ. ਐਚ. ਓ. ਲਵਦੀਪ ਸਿੰਘ ਨੇ ਦੱਸਿਆ ਕਿ ਮ੍ਰਿਤਕ ਔਰਤ ਦੀ ਸ਼ਨਾਖਤ ਸਵਰਨ ਕੌਰ ਪਤਨੀ ਜੋਗਿੰਦਰ ਸਿੰਘ ਵਜੋਂ ਕੀਤੀ ਗਈ ਹੈ । ਉਸ ਦੀ ਉਮਰ 70 ਸਾਲ ਦੇ ਕਰੀਬ ਸੀ । ਉਨ੍ਹਾਂ ਦੱਸਿਆ ਕਿ ਪਿਛਲੇ ਕੁਝ ਸਮੇਂ ਤੋਂ ਸਵਰਨ ਕੌਰ ਦਾ ਆਪਣੇ ਗੁਆਂਢ ਵਿਚ ਰਹਿੰਦੇ ਕਥਿਤ ਦੋਸ਼ੀ ਜਸਪਾਲ ਸਿੰਘ ਉਰਫ਼ ਜੱਸਾ ਦੇ ਪਰਿਵਾਰ ਨਾਲ ਵਿਵਾਦ ਚੱਲ ਰਿਹਾ ਸੀ । ਉਨ੍ਹਾਂ ਦੱਸਿਆ ਕਿ ਜਸਪਾਲ ਸਿੰਘ ਉਰਫ ਜੱਸਾ ਦਾ ਪਰਿਵਾਰ ਸਵਰਨ ਕੌਰ 'ਤੇ ਜਾਦੂ ਟੂਣੇ ਕਰਨ ਦਾ ਸ਼ੱਕ ਕਰਦਾ ਸੀ । ਅੱਜ ਸਵਰਨ ਕੌਰ ਗੁਰਦੁਆਰਾ ਸਾਹਿਬ ਜਾ ਰਹੀ ਸੀ ਕਿ ਜਸਪਾਲ ਸਿੰਘ ਵੀ ਉਸ ਦੇ ਪਿੱਛੇ ਚਲਾ ਗਿਆ । ਰਸਤੇ ਵਿਚ ਜੱਸਾ ਨੇ ਸਵਰਨ ਕੌਰ ਦੇ ਢਿੱਡ ਵਿਚ ਵੱਡੇ ਚਾਕੂ ਨਾਲ ਕਈ ਵਾਰ ਕੀਤੇ । ਲਹੂ ਲੁਹਾਨ ਹੋਈ ਸਵਰਨ ਕੌਰ ਉਤੇ ਹੀ ਡਿੱਗ ਪਈ । ਗੰਭੀਰ ਹਾਲਤ 'ਚ ਉਸ ਨੂੰ ਹਸਪਤਾਲ ਲਿਆਂਦਾ ਗਿਆ ,ਜਿਥੇ ਡਾਕਟਰਾਂ ਨੇ ਸਵਰਨ ਕੌਰ ਨੂੰ ਮ੍ਰਿਤਕ ਕਰਾਰ ਦੇ ਦਿੱਤਾ । ਸੂਚਨਾ ਮਿਲਦਿਆਂ ਪੁਲਿਸ ਵਲੋਂ ਫੌਰੀ ਕਾਰਵਾਈ ਕਰਦਿਆਂ ਜੱਸਾ ਨੂੰ ਗ੍ਰਿਫਤਾਰ ਕਰ ਲਿਆ ਗਿਆ ।

## ਚੰਡੀਗੜ੍ਹ ਕਾਲਜਾਂ ਦੇ ਪ੍ਰੋਫੈਸਰਾਂ ਵਲੋਂ ਰੋਸ ਧਰਨਾ




**ਚੰਡੀਗੜ੍ਹ/ਲੋਕ ਬਾਣੀ :** ਪੀਫੈਕਟੋ ਦੇ ਸੱਦੇ ਤੇ ਪੰਜਾਬ ਐਂਡ ਚੰਡੀਗੜ੍ਹ ਕਾਲਜ ਟੀਚਰਜ ਯੂਨੀਅਨ ਵਲੋਂ 'ਸਿੱਖਿਆ ਬੰਦ' ਦੇ ਅੱਜ 18ਵੇਂ ਦਿਨ ਚੰਡੀਗੜ੍ਹ ਵਿਚਲੇ ਦੇਵ ਸਮਾਜ ਕਾਲਜ 45, ਐਸ.ਡੀ ਕਾਲਜ ਸੈਕਟਰ 32, ਗੁਰੂ ਗੋਬਿੰਦ ਸਿੰਘ ਕਾਲਜ ਸੈਕਟਰ 26, ਡੀ.ਏ.ਵੀ ਕਾਲਜ ਸੈਕਟਰ 10 ਆਦਿ ਵੱਖ-ਵੱਖ ਕਾਲਜਾਂ ਦੇ ਪ੍ਰੋਫ਼ੈਸਰਾਂ ਨੇ ਐਮ.ਸੀ.ਐਮ. ਕਾਲਜ ਸੈਕਟਰ 36 ਵਿਚ ਇਕੱਠੇ ਹੋ ਕੇ ਭਾਰੀ ਰੋਸ ਰੈਲੀ ਕੀਤੀ ਤੇ ਧਰਨਾ ਦਿੱਤਾ . ਪ੍ਰੋਫ਼ੈਸਰ ਮੰਗ ਕਰ ਰਹੇ ਹਨ ਕਿ ਯੂ.ਜੀ.ਸੀ ਦਾ 7ਵਾਂ ਪੇਅ ਕਮਿਸਨ ਤੁਰੰਤ ਲਾਗੂ ਕੀਤਾ ਜਾਵੇ ਤੇ ਪੰਜਾਬ ਸਰਕਾਰ ਨਵੇਂ ਤਨਖਾਹ ਸਕੇਲਾਂ ਨੂੰ ਡੀਂ ਲੰਕ ਕਰਨ ਦੇ ਫੈਸਲੇ ਨੂੰ ਵਾਪਸ ਲਵੇ . ਇਸ ਮੌਕੇ ਤੇ ਅਧਿਆਪਕਾਂ ਦੇ ਵੱਡੇ ਇਕੱਠ ਨੂੰ ਪੀਫੈਕਟੋ ਦੇ ਜਨਰਲ ਸਕੱਤਰ ਡਾ. ਜਗਵੰਤ ਸਿੰਘ, ਪੀ.ਸੀ.ਸੀ.ਟੀ.ਯੂ ਦੇ ਸੂਬਾਈ ਨੇਤਾ ਪ੍ਰੋ: ਘਣਸਿਆਮ ਦੇਵ, ਸੈਨੇਟਰ ਡਾ: ਸਮਿੰਦਰ ਸੰਧੂ, ਡਾ: ਨੀਰਾ ਮਲਿਕ, ਡਾ. ਮ੍ਰਿਦੁਲਾ ਸਰਮਾ ਆਦਿ ਨੇਤਾਵਾਂ ਨੇ ਸੰਬੋਧਨ ਕਰਦਿਆਂ ਕਿਹਾ ਕਿ ਪੂਰੇ ਦੇਸ ਵਿਚ ਨਵੇਂ ਸਕੇਲ ਲਾਗੂ ਹੋ ਚੁੱਕੇ ਹਨ . ਸਿਰਫ ਪੰਜਾਬ ਰਾਜ ਹੀ ਇਕ ਅਜਿਹਾ ਸੂਬਾ ਜਿਥੇ ਅਜੇ ਤਕ ਲਾਗੂ ਨਹੀਂ ਕੀਤੇ ਗਏ ਜਿਸ ਕਰਕੇ ਯੂਨੀਵਰਸਿਟੀਆਂ ਤੇ ਕਾਲਜਾਂ ਦੇ ਪ੍ਰੋਫ਼ੈਸਰ ਪਿਛਲੇ ਲੰਮੇਂ ਸਮੇਂ ਤੋਂ ਸੰਘਰਸ ਕਰ ਰਹੇ ਹਨ ਪ੍ਰੰਤੂ ਸਰਕਾਰ ਦੇ ਕੰਨਾਂ ਤੇ ਅਜੇ ਤਕ ਜੂੰਅ ਨਹੀਂ ਸਰਕੀ . ਨੇਤਾਵਾਂ ਨੇ ਇਹ ਵੀ ਕਿਹਾ ਕਿ ਪੰਜਾਬ ਯੂਨੀਵਰਸਿਟੀ ਨਾਲ ਸਬੰਧਤ ਕਾਲਜਾਂ ਵਿਚ ਸਰਦੀਆਂ ਦੀਆਂ ਛੁਟੀਆਂ ਵੀ ਅੱਜ ਤੋਂ ਸੁਰੂ ਹੋ ਗਈਆਂ ਹਨ ਪ੍ਰੰਤੂ ਛੁਟੀਆਂ ਦੇ ਬਾਵਜੂਦ ਪ੍ਰੋਫ਼ੈਸਰ ਸੰਘਰਸ ਕਰ ਰਹੇ ਹਨ ਤੇ ਇਸੇ ਤਰ੍ਹਾਂ ਛੁਟੀਆਂ ਵਿਚ ਵੀ ਡਟੇ ਰਹਿਣਗੇ, ਜਿਨ੍ਹਾਂ ਚਿਰ ਤਕ ਸਰਕਾਰ ਪੇਅ ਸਕੇਲ ਲਾਗੂ ਨਹੀਂ ਕਰਦੀ।

ਅਦਾਰਾ 'ਲੋਕ ਬਾਣੀ' ਵਿੱਚ ਛਾਪੀਆਂ ਜਾਂਦੀਆਂ ਖ਼ਬਰਾਂ, ਰਿਪੋਰਟਾਂ, ਲੇਖ, ਕਹਾਣੀਆਂ, ਕਵਿਤਾਵਾਂ ਅਤੇ ਹਰ ਕਿਸਮ ਦੇ ਇਸ਼ਤਿਹਾਰਾਂ ਵਿੱਚ ਦਿੱਤੀ ਗਈ ਸੂਚਨਾ, ਵਿਚਾਰ ਆਦਿ ਨਾਲ ਅਖ਼ਬਾਰ ਦੇ ਪ੍ਰਬੰਧਕਾਂ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਇਸ ਅਖ਼ਬਾਰ ਵਿੱਚ ਛਪੇ ਇਸ਼ਤਿਹਾਰ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਲਈ ਪ੍ਰਬੰਧਕ ਕੋਈ ਜ਼ਿੰਮੇਵਾਰੀ ਨਹੀਂ ਲੈਂਦੇ ਕਿਉਂਕਿ ਸਾਡਾ ਅਖ਼ਬਾਰ ਇਨ੍ਹਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ/ਸ਼ੁੱਭ ਚਿੰਤਕਾਂ ਨੂੰ ਬੇਨਤੀ ਹੈ ਕਿ ਉਹ ਇਨ੍ਹਾਂ ਇਸ਼ਤਿਹਾਰਾਂ 'ਤੇ ਕੋਈ ਕਾਰਵਾਈ ਕਰਨ ਤੋਂ ਪਹਿਲਾਂ ਤੱਥਾਂ ਦੀ ਪੜਤਾਲ/ਪੁਸ਼ਟੀ ਕਰ ਲੈਣ। -ਸੰਪਾਦਕ

Daily Lok Bani (Punjabi) R.N.I. Punpun 29016/2008 Edior, Owner, Printer, Publisher, Amandeep Mehra Printed at Rachna Printers, Railway Road Jalandhar Place of Publication : 308 Sangam complex Milap Chowk, Jalandhar (India) / Contect No. : 0181-2211009, Fax : 2211009 / Email Id : lokbani08@gmail.com / Webside : lokbani.com

# ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਬਲਾਕ ਧਰਮਕੋਟ ਹਲਕਾ ਧਰਮਕੋਟ ਦੇ ਐਮ ਐਲ ਏ ਨੂੰ ਦਿੱਤਾ ਮੰਗ ਪੱਤਰ



**ਮੋਗਾ/ਧਰਮਕੋਟ ਦਵਿੰਦਰ ਸਿੰਘ ਬਿੱਟੂ**

ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਬਲਾਕ ਧਰਮਕੋਟ ਦੇ ਪ੍ਰਧਾਨ ਡਾ ਹਰਮੀਤ ਸਿੰਘ ਲਾਡੀ ਦੀ ਪ੍ਰਧਾਨਗੀ ਹੇਠ ਅੱਜ ਬਹੁਤ ਵੱਡਾ ਡਾ ਸਾਥੀਆਂ ਦਾ ਇਕੱਠ ਹੋਇਆ ਜਿਸ ਚ ਹਲਕਾ ਧਰਮਕੋਟ ਦੇ ਐਮਐਲਏ ਸੁਖਜੀਤ ਸਿੰਘ ਕਾਕਾ ਲੋਹਗੜ੍ਹ ਨੂੰ ਮੰਗ ਪੱਤਰ ਦਿੱਤਾ ਇਹ ਮੰਗ ਪੱਤਰ ਸੂਬੇ ਦੇ ਪ੍ਰਧਾਨ ਧੰਨਾ ਮੱਲ ਗੋਇਲ ਦੀ ਹਿਦਾਇਤ ਹੇਠ ਦਿੱਤੇ ਜਾ ਰਹੇ ਹਨ ਸਾਡੇ ਸੂਬਾਈ ਆਗੂਆਂ ਦੀ ਮਿਤੀ 10ਦਸੰਬਰ 2021 ਨੂੰ ਸਿਵਲ ਸਕੱਤਰੇਤ ਚੰਡੀਗੜ੍ਹ ਵਿੱਚ ਆਪ ਦੇ ਪ੍ਰਮੁੱਖ ਸਕੱਤਰ ਸ੍ਰੀ ਹੁਸਨ ਲਾਲ ਅਤੇ ਸ਼ੌਕਤ ਅਲੀ ਜੀ ਨਾਲ ਮੀਟਿੰਗ ਹੋਈ ਸੀ ਅਤੇ ਉਨ੍ਹਾਂ ਨੂੰ ਟ੍ਰੇਨਿੰਗ ਦੇ ਕੇ ਮਸਲੇ ਦੇ ਹੱਲ ਸਬੰਧੀ ਦਸਤਾਵੇਜ਼ ਦਿੱਤੇ ਗਏ ਸਨ ਸਕੱਤਰ ਸਾਹਿਬ ਨੇ ਕਿਹਾ ਸੀ ਕਿ ਇਹ ਮਸਲਾ ਮੈਡੀਕਲ ਸਿੱਖਿਆ ਅਤੇ ਖੋਜ ਵਿਭਾਗ ਨਾਲ ਸਬੰਧਤ ਹੈ ਇਸ ਲਈ ਅਸੀਂ ਇਹ ਦਸਤਾਵੇਜ ਉਕਤ ਮਹਿਕਮੇ ਪਾਸ ਭੇਜ ਦੇਵਾਂਗੇ ਮਸਲਾ ਇਹ ਹੈ ਕਿ ਪੰਜਾਬ ਦੇ ਤਕਰੀਬਨ 70 ਤੋਂ 80 ਪਰਸੈਂਟ ਕਿਰਤੀ ਲੋਕਾਂ ਨਾਲ ਸੰਬੰਧਿਤ ਲਈ ਨਿਵੇਦਨ ਹੈ ਕਿ ਜਲਦੀ ਇਸ ਕਾਰਜ ਪ੍ਰਣਾਲੀ ਨੂੰ ਅਮਲੀ ਜਾਮਾ ਪਹਿਨਾ ਕੇ ਇਹ ਲੋਕਾਂ ਦਾ ਮਸਲਾ ਹੱਲ ਕੀਤਾ ਜਾਵੇ 1963 ਤੋਂ ਪਈ ਰਜਿਸਟਰੇਸ਼ਨ ਮੰਗ ਨੂੰ ਹੱਲ ਕੀਤਾ ਜਾਵੇ ਕਾਂਗਰਸ ਨੇ ਸਰਕਾਰ ਆਉਣ ਤੋਂ ਪਹਿਲਾਂ ਇਹ ਵਾਅਦਾ ਕੀਤਾ ਸੀ ਕਿ ਸਾਡੀ ਸਰਕਾਰ ਕਾਂਗਰਸ ਦੀ ਜੇਕਰ ਆਉਂਦੀ ਹੈ ਤੇ ਇਸ ਦਾ ਹੱਲ ਅਸੀਂ ਪਹਿਲ ਦੇ ਆਧਾਰ ਤੇ ਕੱਢਾਂਗੇ ਇਸ ਦਾ ਹੱਲ ਕਾਂਗਰਸ ਨੇ ਮੈਨੀਫੈਸਟੋ ਵਿੱਚ ਵੀ ਮੱਤ ਨੰਬਰ 16 ਵਿੱਚ ਵਾਅਦਾ ਕੀਤਾ ਸੀ ਧਰਮਕੋਟ ਦੇ ਬਲਾਕ ਪ੍ਰਧਾਨ ਡਾ ਹਰਮੀਤ ਸਿੰਘ ਲਾਡੀ ਲਾਲ ਸੁਖਜੀਤ ਸਿੰਘ ਐਮਐਲ ਲੋਹਗੜ੍ਹ ਨੇ ਗੱਲਬਾਤ ਕਰਦਿਆਂ ਕਿਹਾ ਕਿ ਅਸੀਂ ਤੁਹਾਡਾ ਮਸਲਾ ਜਲਦੀ ਪੰਜਾਬ ਸਰਕਾਰ ਤੱਕ ਪਹੁੰਚ ਜਾਵਾਂਗੇ ਤੇ ਆਉਣ ਵਾਲੇ ਸਮੇਂ ਵਿਚ ਮੈਡੀਕਲ ਸਿੱਖਿਆ ਅਤੇ ਖੋਜ ਵਿਭਾਗ ਦੇ ਮੰਤਰੀ ਡਾਕਟਰ ਰਾਜ ਕੁਮਾਰ ਵੇਰਕਾ ਨਾਲ ਤੁਹਾਡੀ ਸੂਬੇ ਦੀ ਮੀਟਿੰਗ ਵੀ ਕਰਵਾਵਾਂਗੇ ਇਸ ਮੌਕੇ ਸੁਰਜੀਤ ਸਿੰਘ ਐਮ ਐਲ ਏ ਨੇ ਵਿਸ਼ਵਾਸ ਦਿਵਾਇਆ ਕਿ ਤੁਹਾਡੇ ਜਲਦੀ ਜਲਦ ਮੰਗ ਪੂਰੀ ਕਰਾਂਗੇ ਇਸ ਮੌਕੇ ਤੇ ਬਲਾਕ ਪ੍ਰਧਾਨ ਡਾ ਹਰਮੀਤ ਸਿੰਘ ਲਾਡੀ ਸੀਰੀਆ ਵਾਈਸ ਪ੍ਰਧਾਨ ਦਿਲਬਾਗ ਸਿੰਘ ਢੋਲੇਵਾਲ ਸਲਾਹਕਾਰ ਸੱਤ ਭਾਗ ਸਿੰਘ ਬੱਡੂਵਾਲ ਸਲਾਹਕਾਰ ਡਾ ਸੁਰਜੀਤ ਸਿੰਘ ਇੰਦਗੜ੍ਹ ਡਾ ਰਣਜੀਤ ਸਿੰਘ ਮੀਤ ਪ੍ਰਧਾਨ ਕਿਸ਼ਨਪੁਰਾ ਡਾ ਮਹਿੰਦਰ ਸਿੰਘ ਖਾਲਸਾ ਚੇਅਰਮੈਨ ਭਿੰਡਰਕਲਾਂ ਡਾ ਅਨਿਲ ਕੁਮਾਰ ਜੀ ਭਿੰਡਰਕਲਾਂ ਡਾ ਬੰਗਾਲੀ ਜੀ ਭਿੰਡਰਕਲਾਂ ਡਾ ਸ਼ਮਸ਼ੇਰ ਸਿੰਘ ਅਮੀਂਵਾਲ ਲੇਖਕ ਡਾ ਲਖਬੀਰ ਸਿੰਘ ਕੋਕਰੀ ਡਾ ਭਜਨ ਸਿੰਘ ਕੋਕਰੀ ਡਾ ਜਗਸੀਰ ਸਿੰਘ ਵਰ੍ਹੇ ਸੀਨੀਅਰ ਆਗੂ ਡਾ ਅਮਰ ਕੁਲਦੀਪ ਸਿੰਘ ਸੀਨੀਅਰ ਆਗੂ ਡਾ ਰਣਜੀਤ ਸਿੰਘ ਕਿਸ਼ਨਪੁਰਾ ਡਾ ਬਲਵਿੰਦਰ ਸਿੰਘ ਭੋਇੰਪੁਰ ਡਾ ਮੇਹਰ ਸਿੰਘ ਭਿੰਡਰ ਕਲਾਂ ਡਾ ਕੁਲਦੀਪ ਸਿੰਘ ਭਿੰਡਰ ਡਾ ਨਿਰਮਲ ਸਿੰਘ ਪ੍ਰਚਾਰ ਸਕੱਤਰ ਜਲਾਲਾਬਾਦ ਡਾ ਮੁਕੰਦ ਸਿੰਘ ਬੱਡੂਵਾਲ ਡਾ ਕੁਸਮ ਇਸ ਤੋਂ ਇਲਾਵਾ ਬਹੁਤ ਵੱਡੀ ਗਿਣਤੀ ਵਿੱਚ ਬਲਾਕ ਧਰਮਕੋਟ ਦੇ ਡਾਕਟਰ ਸਾਥੀ ਹਾਜ਼ਰ ਸਨ।

## ਕੇਜਰੀਵਾਲ ਪਹਿਲਾਂ ਦਿੱਲੀ ਦੀਆਂ ਔਰਤਾਂ ਦੇ ਖਾਤਿਆਂ 'ਚ ਭੇਜਣ ਹਜਾਰ ਰੁਪਈਆ : ਬਰਾੜ

**ਬਨੂੜ/ਲੋਕ ਬਾਣੀ**

ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੇ ਓ.ਐੱਸ.ਡੀ ਅਤੇ ਰਾਜਪੁਰਾ ਹਲਕੇ ਤੋਂ ਅਕਾਲੀ-ਬਸਪਾ ਗੱਠਜੋੜ ਦੇ ਉਮੀਦਵਾਰ ਚਰਨਜੀਤ ਸਿੰਘ ਬਰਾੜ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੇ ਕਨਵੀਨਰ ਅਰਵਿੰਦ ਕੇਜਰੀਵਾਲ ਪੰਜਾਬ ਵਿਚ ਆ ਕੇ ਝੂਠ ਬੋਲਣ ਤੋਂ ਗੁਰੇਜ ਕਰਨ . ਉਨ੍ਹਾਂ ਕਿਹਾ ਕਿ ਜਿਹੜੀਆਂ ਗਰੰਟੀਆਂ ਉਹ ਪੰਜਾਬ ਵਿਚ ਸਰਕਾਰ ਬਣਨ ਤੋਂ ਬਾਅਦ ਦੇਣ ਦੀਆਂ ਗੱਲਾਂ ਕਰ ਰਹੇ ਹਨ ਉਹ ਦਿੱਲੀ ਵਿਚ ਪੂਰੀਆਂ ਕਰਨ, ਜਿੱਥੇ ਉਨ੍ਹਾਂ ਦੀ ਸਰਕਾਰ ਹੈ . ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਚਰਨਜੀਤ ਸਿੰਘ ਬਰਾੜ ਨੇ ਪਿੰਡ ਕਸਬੇਨੁਮਾ ਮਾਣਕਪੁਰ ਵਿਖੇ ਇਕੱਠ ਨੂੰ ਸੰਬੋਧਨ ਕਰਦੇ ਹੋਏ ਕੀਤਾ . ਬਰਾੜ ਨੇ ਕਿਹਾ ਕਿ ਦਿੱਲੀ ਦੇ ਮੁੱਖ ਮੰਤਰੀ ਪਹਿਲਾਂ ਦਿੱਲੀ ਦੀਆਂ ਔਰਤਾਂ ਦੇ ਖਾਤਿਆਂ 'ਚ ਇਕ-ਇਕ ਹਜਾਰ ਦੀ ਰਾਸੀ ਭੇਜਣ, ਦਿੱਲੀ ਦੇ ਅਧਿਆਪਕਾਂ ਨੂੰ ਪੱਕੇ ਕਰਨ . ਉਨ੍ਹਾਂ ਕਿਹਾ ਕਿ ਪੰਜਾਬ ਵਿਚ ਆਪ ਨੂੰ ਅਜਿਹੀਆਂ ਝੂਠੀਆਂ ਗਰੰਟੀਆਂ ਦਾ ਕੋਈ ਫਾਇਦਾ ਨਹੀਂ ਹੋਵੇਗਾ . ਉਨ੍ਹਾਂ ਰਾਜਪੁਰਾ ਹਲਕੇ ਦੇ ਕਾਂਗਰਸੀ ਵਿਧਾਇਕ ਹਰਦਿਆਲ ਸਿੰਘ ਕੰਬੋਜ 'ਤੇ ਵੀ ਤਿੱਖੇ ਹਮਲੇ ਕੀਤੇ . ਉਨ੍ਹਾਂ ਕਿਹਾ ਕਿ ਰਾਜਪੁਰਾ ਸੀਟ ਤੋਂ ਉਹ ਵੱਡੀ ਲੀਡ ਨਾਲ ਜਿੱਤ ਦਰਜ ਕਰਨਗੇ . ਇਸ ਮੌਕੇ ਜਤਿੰਦਰ ਸਿੰਘ ਰੋਮੀ, ਅਮਰਜੀਤ ਸਿੰਘ ਮਾਣਕਪੁਰ, ਸੁਰਿੰਦਰ ਕੁਮਾਰ ਬਾਲੀ, ਗੁਰਚਰਨ ਸਿੰਘ ਅਬਰਾਵਾਂ, ਹਰਮੇਸ ਕੁਮਾਰ ਧੀਮਾਨ ਆਦਿ ਨੇ ਵੀ ਸੰਬੋਧਨ ਕੀਤਾ।

# ਦਵਿੰਦਰਜੀਤ ਸਿੰਘ ਲਾਡੀ ਢੋਸ ਨੇ ਲਿਆਂਦੀ ਹਲਕੇ ਵਿੱਚ ਜਨ ਸਭਾਵਾਂ ਦੀ ਹਨੇਰੀ

**☛ ਵੱਡੀ ਲੀਡ ਤੇ ਜਿੱਤ ਪ੍ਰਾਪਤ ਕਰੇਗੀ ਆਮ ਆਦਮੀ ਪਾਰਟੀ - ਲਾਡੀ ਢੋਸ**



**ਮੋਗਾ/ਧਰਮਕੋਟ ਦਵਿੰਦਰ ਸਿੰਘ**

ਹਲਕਾ ਧਰਮਕੋਟ ਦੇ ਆਮ ਆਦਮੀ ਪਾਰਟੀ ਹਲਕਾ ਇੰਚਾਰਜ ਦਵਿੰਦਰਜੀਤ ਸਿੰਘ ਲਾਡੀ ਢੋਸ ਵੱਲੋਂ ਜਨ ਸਭਾਵਾਂ ਦੀ ਜੋਰਦਾਰ ਮੁਹਿੰਮ ਲਗਾਤਾਰ ਜਾਰੀ ਹੈ ।ਇਸ ਮੁਹਿੰਮ ਨਾਲ ਜਿੱਥੇ ਲਗਾਤਾਰ ਲੋਕਾਂ ਨਾਲ ਰਾਬਤਾ ਕਾਇਮ ਹੋ ਰਿਹਾ ਹੈ ਦੂਜੇ ਪਾਸੇ ਵਿਰੋਧੀ ਧਿਰਾਂ ਦੀ ਜਾਨ ਸੁੱਕਣੇ ਪਾ ਰੱਖੀ ਹੈ ।ਪਿਛਲੇ ਪੌਣੇ ਪੰਜ ਸਾਲਾਂ ਵਿੱਚ ਲੋਕਾਂ ਨਾਲ ਸੰਪਰਕ ਬਣਾਉਣ ਵਿੱਚ ਅਸਫਲ ਰਹੀ ਕਾਂਗਰਸ ਪਾਰਟੀ ਦਾ ਮਿਆਰ ਦਿਨੋਂ ਦਿਨ ਘੱਟ ਰਿਹਾ ਹੈ ।ਲੋਕਾਂ ਦੀਆਂ ਉਮੀਦਾਂ ਤੇ ਖਰਾ ਨਾ ਉੱਤਰਨ ਕਾਰਨ ਲੋਕਾਂ ਦਾ ਮੋਹ ਦਿਨੋ ਦਿਨ ਭੰਗ ਹੋ ਰਿਹਾ ਹੈ ।ਆਵਦੀ ਹੋਂਦ ਬਣਾਉਣ ਦੀਆਂ ਅਸਫਲ ਕੋਸਸਿਾਂ ਕਰ ਰਹੀ ਕਾਂਗਰਸ ਹੁਣ ਥੋੜੇ ਦਿਨਾਂ ਦੀ ਮਹਿਮਾਨ ਜਾਪ ਰਹੀ ਹੈ ।ਦੂਜੇ ਪਾਸੇ ਪੰਜਾਬ ਤੇ ਲਗਾਤਾਰ 25 ਸਾਲ ਰਾਜ ਕਰਨ ਦਾ ਸੁਪਨਾ ਦੇਖਣ ਵਾਲਾ ਅਕਾਲੀ ਦਲ ਇਸ ਵੋਟਾਂ ਦੀ ਖੇਡ ਵਿੱਚੋਂ ਵਾਧੂ ਖਿਡਾਰੀ ਵਾਂਗ ਬਾਹਰ ਹੋਇਆ ਬੈਠਾ ਹੈ ।ਸੱਤਾ ਮੌਕੇ ਮਾੜੀਆਂ ਨੀਤੀਆਂ ਅਤੇ ਸੱਤਾ ਜਾਣ ਤੋਂ ਬਾਅਦ ਲੋਕਾਂ ਦਾ ਚੇਤਾ ਭੁਲਾ ਦੇਣ ਕਾਰਨ ਹੁਣ ਲੋਕ ਵੀ ਓਹਨਾਂ ਨੂੰ ਦਰਵਾਜੇ ਦੇ ਬਾਹਰੋਂ ਮੋੜਨ ਦੀ ਤਿਆਰੀ ਖਿੱਚੀ ਬੈਠੇ ਹਨ ।ਪਹਿਲਾਂ ਕਾਲੇ ਕਿਸਾਨੀ ਕਾਨੂੰਨਾਂ ਦਾ ਸਾਥ ਦੇਣ ਅਤੇ ਬਾਅਦ ਵਿੱਚ ਕਿਸਾਨਾਂ ਦੇ ਵਿਰੋਧ ਦੇ ਡਰਦੇ ਭਾਜਪਾ ਨਾਲੋਂ ਰਿਸਤਾ ਤੋੜਨ ਦਾ ਡਰਾਮਾਂ ਕਰਨ ਦੇ ਬਾਵਜੂਦ ਵੀ ਆਵਦੇ ਮਿਆਰ ਨੂੰ ਡਿੱਗਣ ਅਤੇ ਲੋਕਾਂ ਵਿੱਚ ਭਰੋਸਾ ਕਾਇਮ ਕਰਨ ਤੋਂ ਨਾਕਾਮਯਾਬ ਰਹੀ ਹੈ ।ਲੋਕਾਂ ਵੱਲੋਂ ਭਾਰੀ ਵਿਰੋਧ ਦੇ ਚਲਦੇ ਸੂਬਾ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਆਵਦੀ 100 ਦਿਨੀਂ ਪੰਜਾਬ ਯਾਤਰਾ ਵਿਚਕਾਰ ਛੱਡਣ ਲਈ ਮਜਬੂਰ ਹੋਣਾ ਪਿਆ ਸੀ ।ਪਿਛਲੀਆਂ ਚੋਣਾਂ ਵਿੱਚ ਦੂਜੇ ਨੰਬਰ ਉਤੇ ਰਹੀ ਅਤੇ ਵਿਰੋਧੀ ਧਿਰ ਵਜੋਂ ਉਭਰ ਕੇ ਆਈ ਆਮ ਆਦਮੀ ਪਾਰਟੀ ਇਸ ਵਾਰ ਜਿੱਤ ਦੀ ਦਹਲੀਜ ਤੇ ਖੜੀ ਹੈ ।ਦਿੱਲੀ ਵਿੱਚ ਪਹਿਲੀ ਵਾਰ 49 ਦਿਨ ਸਰਕਾਰ ਚਲਾਉਣ ਤੇ ਉਸਤੋਂ ਬਾਅਦ ਲਗਾਤਾਰ ਤੀਜੀ ਵਾਰ ਭਾਰੀ ਬਹੁਮਤ ਨਾਲ ਸਰਕਾਰ ਬਣਾਉਣ ਵਿੱਚ ਕਾਮਯਾਬ ਰਹੀ ਆਪ ਕੋਲ ਦਿਖਾਉਣ ਲਈ ਦਿੱਲੀ ਵਰਗਾ ਮਾਡਲ ਹੈ ਜਿਸਤੇ ਪੰਜਾਬ ਵਾਸੀ ਯਕੀਨ ਵੀ ਦਿਖਾ ਰਹੇ ਹਨ ਤੇ ਇਸ ਵਾਰ ਪੰਜਾਬ ਦੀ ਸੱਤਾ ਆਪ ਨੂੰ ਦੇਣ ਦਾ ਮਨ ਬਣਾਈ ਬੈਠੇ ਹਨ ।ਹਲਕਾ ਧਰਮਕੋਟ ਵਿੱਚ ਪਾਰਟੀ ਦੀਆਂ ਜੜਾਂ ਨੂੰ ਮਜਬੂਤ ਕਰਨ ਅਤੇ ਹਰ ਪਿੰਡ ਕਸਬੇ ਤੱਕ ਪਹੁੰਚ ਸਥਾਪਤ ਕਰਨ ਦਾ ਭਾਰ ਹਲਕਾ ਇੰਚਾਰਜ ਦਵਿੰਦਰਜੀਤ ਸਿੰਘ ਲਾਡੀ ਢੋਸ ਦੇ ਮੋਢਿਆਂ ਉਪਰ ਹੈ ਪਿਛਲੇ ਲੰਬੇ ਸਮੇਂ ਤੋਂ ਹਰ ਗਲੀ ਮੁਹੱਲੇ ਵਿੱਚ ਲਾਡੀ ਢੋਸ ਵੱਲੋਂ ਜਨ ਸਭਾਵਾਂ ਜਰੀਏ ਲੋਕਾਂ ਨਾਲ ਸੰਪਰਕ ਬਣਾਇਆ ਜਾ ਰਿਹਾ ਹੈ ।ਇਸੇ ਲੜੀ ਤਹਿਤ ਪਿੰਡ ਚੱਕ ਤਾਰੇ ਵਾਲਾ ਵਿੱਚ ਵੀ ਜਨ ਸਭਾ ਕੀਤੀ ਗਈ ।ਇਹਨਾ ਸਭਾਵਾਂ ਵਿੱਚ ਰਵਾਇਤੀ ਢੰਗ ਤਰੀਕੇ ਛੱਡ ਕੇ ਲੋਕਾਂ ਨੂੰ ਬੋਲਣ ਲਈ ਉਤਸਾਹਿਤ ਕੀਤਾ ਜਾਂਦਾ ਹੈ ਅਤੇ ਓਹਨਾਂ ਦੀਆਂ ਦੁੱਖ ਤਕਲੀਫਾਂ ਸਿੱਧੇ ਤੌਰ ਤੇ ਸੁਣੀਆਂ ਜਾਂਦੀਆਂ ਹਨ ।ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਦਵਿੰਦਰਜੀਤ ਸਿੰਘ ਲਾਡੀ ਢੋਸ ਨੇ ਕਿਹਾ ਕੇ ਇਸ ਵਾਰ ਆਮ ਆਦਮੀ ਪਾਰਟੀ ਹਲਕਾ ਧਰਮਕੋਟ ਵਿੱਚੋ ਵੱਡੀ ਲੀਡ ਤੇ ਜਿੱਤ ਪ੍ਰਾਪਤ ਕਰੇਗੀ ਅਤੇ ਪੰਜਾਬ ਵਿੱਚ ਭਾਰੀ ਬਹੁਮਤ ਨਾਲ ਆਪਣੀ ਸਰਕਾਰ ਬਣਾਵੇਗੀ ।ਇਸ ਮੌਕੇ ਓਹਨਾਂ ਨਾਲ ਸਰਕਲ ਪ੍ਰਧਾਨ ਸੁਖਦੇਵ ਠੂਠਗੜ੍ਹ ,ਗੁਰਤਾਰ ਕਮਾਲਕੇ ,ਬਲਵਿੰਦਰ ਸਿੰਘ,ਫਕੀਰ ਸਿੰਘ ਨੰਦਾ,ਪਰਮਿੰਦਰ ਸਿੰਘ,ਮਨਿੰਦਰ ਸਿੰਘ,ਜਰਨੈਲ ਸਿੰਘ,ਅਵਤਾਰ ਸਿੰਘ,ਮਹਿੰਦਰ ਸਿੰਘ,ਜਸਕਰਨ ਸਿੰਘ,ਜੋਗਿੰਦਰ ਸਿੰਘ,ਕੁਲਦੀਪ ਸਿੰਘ,ਬਲਜਿੰਦਰ ਸਿੰਘ,ਸਰਨਜੀਤ ਸਿੰਘ ਮੌਜੀ,ਪਰਸਰਨ ਸਿੰਘ, ਵੱਸਣ ਸਿੰਘ,ਗੁਰਵਿੰਦਰ ਸਿੰਘ,ਦਰਸਨ ਸਿੰਘ,ਦਲਜੀਤ ਸਿੰਘ,ਹੰਸਾ ਸਿੰਘ, ਬੱਗੂ ਲੂਣਾ,ਦਵਿੰਦਰ ਸਿੰਘ,ਪ੍ਰੇਮ ਸਿੰਘ,ਬਿੱਟੂ ਕੇਰਾਂ ਅਤੇ ਹੋਰ ਪਿੰਡ ਵਾਸੀ ਮੌਜੂਦ ਰਹੇ।

## ਨਸੀਲੇ ਪਦਾਰਥ ਸਮੇਤ ਔਰਤ ਕਾਬੂ

**ਮਾਹਿਲਪੁਰ/ਲੋਕ ਬਾਣੀ**

ਥਾਣਾ ਮਾਹਿਲਪੁਰ ਦੀ ਪੁਲਿਸ ਨੇ ਇਕ ਔਰਤ ਤੋਂ 42 ਗ੍ਰਾਮ ਹੈਰੋਇਨ ਨੁਮਾ ਨਸੀਲਾ ਪਦਾਰਥ ਬਰਾਮਦ ਕਰ ਕੇ ਅਗਲੀ ਕਾਰਵਾਈ ਸੁਰੂ ਕਰ ਦਿੱਤੀ ਹੈ . ਥਾਣਾ ਮਾਹਿਲਪੁਰ ਤੋਂ ਮਿਲੀ ਜਾਣਕਾਰੀ ਅਨੁਸਾਰ ਸਬ ਇੰਸਪੈਕਟਰ ਗੁਰਨਾਮ ਸਿੰਘ ਸਮੇਤ ਪੁਲਿਸ ਪਾਰਟੀ ਗਸਤ ਦੌਰਾਨ ਮਾਹਿਲਪੁਰ ਤੋਂ ਲੰਗੇਰੀ ਰੋਡ ਨੂੰ ਜਾ ਰਹੇ ਸਨ ਪਰ ਜਦੋਂ ਉਹ ਸੈਸੀਆਂ ਦੇ ਮੁਹੱਲੇ ਪੁੱਜੇ ਤਾਂ ਮਨਜੀਤ ਕੌਰ ਉਰਫ ਕੁਲਵਿੰਦਰ ਕੌਰ ਪਤਨੀ ਪਰਮਜੀਤ ਉਰਫ ਸੀਂਦਾ ਵਾਸੀ ਵਾਰਡ ਨੰਬਰ-8 ਮਾਹਿਲਪੁਰ ਦੀ ਸੱਕ ਦੇ ਆਧਾਰ 'ਤੇ ਤਲਾਸੀ ਲੈਣ 'ਤੇ 42 ਗ੍ਰਾਮ ਹੈਰੋਇਨ ਨੁਮਾ ਨਸੀਲਾ ਪਦਾਰਥ ਬਰਾਮਦ ਕੀਤਾ . ਥਾਣਾ ਮਾਹਿਲਪੁਰ ਦੀ ਪੁਲਿਸ ਨੇ ਮਾਮਲਾ ਦਰਜ ਕਰਕੇ ਅਗਲੀ ਕਾਰਵਾਈ ਸੁਰੂ ਕਰ ਦਿੱਤੀ ਹੈ।

## ਗੁਰਦੁਆਰਾ ਸਹੀਦਾਂ ਲੱਧੇਵਾਲ 'ਚ ਗੁਰਮਤਿ ਸਿਖਲਾਈ ਕੈਂਪ ਸੁਰੂ

**ਮਾਹਿਲਪੁਰ/ਲੋਕ ਬਾਣੀ**

ਸਾਹਿਬਜਾਦਾ ਬਾਬਾ ਅਜੀਤ ਸਿੰਘ ਸੇਵਾ ਸੁਸਾਇਟੀ ਇਲਾਕਾ ਮਾਹਿਲਪੁਰ ਤੇ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਵਲੋਂ ਸਾਹਿਬਜਾਦਿਆਂ ਅਤੇ ਮਾਤਾ ਗੁਜਰ ਕੌਰ ਦੀ ਯਾਦ ਨੂੰ ਸਮਰਪਿਤ ਤਿੰਨ ਦਿਨਾਂ ਗੁਰਮਤਿ ਸਿਖਲਾਈ ਕੈਂਪ ਸ੍ਰੋਮਣੀ ਕਮੇਟੀ ਮੈਂਬਰ ਬੀਬੀ ਰਣਜੀਤ ਕੌਰ ਯਤਨ ਸਦਕਾ ਗੁਰਦੁਆਰਾ ਸਹੀਦਾਂ ਲੱਧੇਵਾਲ ਵਿਖੇ ਸੁਰੂ ਕਰਵਾਇਆ ਗਿਆ, ਜਿਸ 'ਚ ਸਾਹਿਬਜਾਦਾ ਅਜੀਤ ਸਿੰਘ ਪਬਲਿਕ ਸਕੂਲ ਲੱਧੇਵਾਲ ਸਮੇਤ ਇਲਾਕੇ ਸਕੂਲਾਂ ਦੇ ਬੱਚਿਆ ਨੇ ਭਾਗ ਲਿਆ . ਕੈਂਪ ਦੀ ਸੁਰੂਆਤ ਪ੍ਰੋ. ਅਪਿੰਦਰ ਸਿੰਘ ਵਲੋਂ ਅਰਦਾਸ ਕਰਕੇ ਕੀਤੀ।

## 2 ਸੜਕ ਹਾਦਸਿਆਂ 'ਚ 2 ਵਿਅਕਤੀਆਂ ਦੀ ਮੌਤ, 1 ਜਖਮੀ

**ਰਾਜਪੁਰਾ/ਲੋਕ ਬਾਣੀ**

ਖੇਤਰ ਵਿਚ ਵਾਪਰੇ ਦੋ ਸੜਕ ਹਾਦਸਿਆਂ 'ਚ 2 ਜਣਿਆਂ ਦੀ ਮੌਤ ਤੇ ਇਕ ਜਖਮੀ ਹੋ ਜਾਣ 'ਤੇ 2 ਵਾਹਨ ਚਾਲਕਾਂ ਖ਼ਿਲਾਫ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਸੁਰੂ ਕਰ ਦਿੱਤੀ ਹੈ . ਜਾਣਕਾਰੀ ਅਨੁਸਾਰ ਥਾਣਾ ਸਹਿਰੀ 'ਚ ਬੰਟੀ ਵਾਸੀ ਰਾਜਪੁਰਾ ਨੇ ਬਿਆਨ ਦਰਜ ਕਰਵਾਏ ਹਨ ਕਿ ਉਸਦਾ ਭਰਾ ਸੰਜੀਵ ਕੁਮਾਰ ਆਪਣੇ ਮੋਟਰਸਾਈਕਲ 'ਤੇ ਸਵਾਰ ਹੋ ਕੇ ਰੇਲਵੇ ਸਟੇਸਨ ਨੇੜੇ ਜਾ ਰਿਹਾ ਸੀ ਤਾਂ ਇਕ ਤੇਜ ਰਫਤਾਰ ਮੋਟਰਸਾਈਕਲ ਨੇ ਲਾਪਰਵਾਹੀ ਦੇ ਨਾਲ ਚਲਾਉਂਦਿਆਂ ਸੰਜੀਵ ਕੁਮਾਰ ਦੇ ਮੋਟਰਸਾਈਕਲ 'ਚ ਟੱਕਰ ਮਾਰੀ . ਜਿਸ ਕਾਰਨ ਸੰਜੀਵ ਕੁਮਾਰ ਦੀ ਉਸਦੀ ਮੌਤ ਹੋ ਗਈ . ਇਸ ਤਰ੍ਹਾਂ ਥਾਣਾ ਸਦਰ ਪੁਲਿਸ 'ਚ ਲਖਵੀਰ ਸਿੰਘ ਵਾਸੀ ਪਿੰਡ ਉੱਪਲਹੇੜੀ ਨੇ ਬਿਆਨ ਦਰਜ ਕਰਵਾਏ ਹਨ ਕਿ ਉਹ ਆਪਣੇ ਦੋਸਤ ਕੁਲਵਿੰਦਰ ਸਿੰਘ ਨਾਲ ਮੋਟਰਸਾਈਕਲ 'ਤੇ ਸਵਾਰ ਹੋ ਕੇ ਜਸਨ ਰੈਜੀਡੈਂਸੀ ਨੇੜੇ ਜਾ ਰਿਹਾ ਸੀ ਤਾਂ ਇਕ ਤੇਜ ਰਫਤਾਰ ਟਰੱਕ ਨੇ ਲਾਪਰਵਾਹੀ ਨਾਲ ਚਲਾਉਂਦਿਆਂ ਉਸਦੇ ਮੋਟਰਸਾਈਕਲ 'ਚ ਟੱਕਰ ਮਾਰੀ . ਇਸ ਹਾਦਸੇ ਵਿਚ ਕੁਲਵਿੰਦਰ ਸਿੰਘ ਦੀ ਮੌਤ ਹੋ ਗਈ ਤੇ ਉਸਦੇ ਗੰਭੀਰ ਸੱਟਾਂ ਲੱਗੀਆਂ . ਜਿਸ 'ਤੇ ਥਾਣਾ ਸਹਿਰੀ ਅਤੇ ਥਾਣਾ ਸਦਰ ਦੀ ਪੁਲਿਸ ਨੇ ਉਕਤ ਮਾਮਲਿਆਂ 'ਚ ਦੋਵੇਂ ਵਾਹਨ ਚਾਲਕਾਂ ਖ਼ਿਲਾਫ ਕੇਸ ਦਰਜ ਕਰਕੇ ਅਗਲੀ ਕਾਰਵਾਈ ਸੁਰੂ ਕਰ ਦਿੱਤੀ ਹੈ ।

# ਸ਼੍ਰੋਮਣੀ ਕਮੇਟੀ ਵੱਲੋਂ ਲਾਪਤਾ ਕੀਤੇ 328 ਪਾਵਨ ਸਰੂਪਾਂ ਦੀ ਗੁੰਮਸ਼ੁਦਗੀ ਕਿਸੇ ਬੇਅਦਬੀ ਤੋਂ ਘੱਟ ਨਹੀਂ : ਪੰਥਕ ਜਥੇਬੰਦੀਆਂ

## ਰੋਸ ਮਾਰਚ ਕਰਦਿਆਂ ਸ਼੍ਰੋਮਣੀ ਕਮੇਟੀ ਅਤੇ ਸਰਕਾਰ ਤੋਂ ਕੀਤੀ ਇਨਸਾਫ਼ ਦੀ ਮੰਗ

**ਅੰਮ੍ਰਿਤਸਰ/ਜਸਬੀਰ ਸਿੰਘ ਟਿੰਕੂ,ਮਿੰਟੂ ਜੋਸ਼ੀ**

ਲਾਪਤਾ 328 ਪਾਵਨ ਸਰੂਪਾਂ ਦਾ ਮਾਮਲਾ ਇੱਕ ਵਾਰ ਫਿਰ ਦੁਬਾਰਾ ਭਖਣ ਕਾਰਨ ਸ਼੍ਰੋਮਣੀ ਕਮੇਟੀ ਮੁਸੀਬਤਾਂ 'ਚ ਫਸ ਚੁੱਕੀ ਹੈ।ਅੱਜ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਤਿਕਾਰ ਕਮੇਟੀ ਪੰਜਾਬ ਦੇ ਮੁਖੀ ਭਾਈ ਬਲਬੀਰ ਸਿੰਘ ਮੁੱਛਲ, ਜਥਾ ਸਿਰਲੱਥ ਖ਼ਾਲਸਾ ਦੇ ਮੁਖੀ ਭਾਈ ਦਿਲਬਾਗ ਸਿੰਘ ਸੁਲਤਾਨਵਿੰਡ, ਸਿੱਖ ਯੂਥ ਫ਼ੈਡਰੇਸ਼ਨ ਭਿੰਡਰਾਂਵਾਲਾ ਦੇ ਪ੍ਰਧਾਨ ਭਾਈ ਰਣਜੀਤ ਸਿੰਘ ਦਮਦਮੀ ਟਕਸਾਲ, ਸਾਬਕਾ ਪ੍ਰਧਾਨ ਭਾਈ ਬਲਵੰਤ ਸਿੰਘ ਗੋਪਾਲਾ, ਭਾਈ ਭੁਪਿੰਦਰ ਸਿੰਘ ਛੇ ਜੂਨ, ਆਵਾਜ਼-ਏ-ਕੌਮ ਦੇ ਪ੍ਰਧਾਨ ਭਾਈ ਮਨਜੀਤ ਸਿੰਘ ਕਰਤਾਰਪੁਰ, ਭਾਈ ਨੋਬਲਜੀਤ ਸਿੰਘ ਬੁੱਲੋਵਾਲ, ਜਥੇਦਾਰ ਜਗਤਾਰ ਸਿੰਘ ਹਵਾਰਾ ਕਮੇਟੀ ਦੇ ਮੁਖੀ ਪ੍ਰੋਫੈਸਰ ਬਲਜਿੰਦਰ ਸਿੰਘ, ਜਥਾ ਹਿੰਮਤ-ਏ-ਖ਼ਾਲਸਾ ਦੇ ਮੁਖੀ ਭਾਈ ਪੰਜਾਬ ਸਿੰਘ ਸੁਲਤਾਨਵਿੰਡ, ਬਾਬਾ ਮਹਾਰਾਜ ਸਿੰਘ ਨੌਰੰਗਾਬਾਦ ਛਾਉਣੀ ਦੇ ਜਥੇਦਾਰ ਬਾਬਾ ਰਛਪਾਲ ਸਿੰਘ ਨਿਹੰਗ ਅਤੇ ਭਾਈ ਲਖਬੀਰ ਸਿੰਘ ਮਹਾਲਮ ਦੀ ਅਗਵਾਈ 'ਚ ਸ਼੍ਰੋਮਣੀ ਕਮੇਟੀ ਨੂੰ ਲਾਪਤਾ 328 ਪਾਵਨ ਸਰੂਪਾਂ ਦੇ ਮਾਮਲੇ 'ਚ ਪੰਥ ਦੇ ਕਟਹਿਰੇ 'ਚ ਖੜ੍ਹਾ ਕਰਦਿਆਂ ਬੁਰਜ ਅਕਾਲੀ ਫੂਲਾ ਸਿੰਘ ਤੋਂ ਸ੍ਰੀ ਦਰਬਾਰ ਸਾਹਿਬ ਤੱਕ ਵਿਸ਼ਾਲ ਰੋਸ ਮਾਰਚ ਕੀਤਾ ਗਿਆ ਅਤੇ ਘੰਟਾ ਘਰ ਗੇਟ ਅੱਗੇ ਦੋ ਘੰਟੇ ਜਬਰਦਸਤ ਪ੍ਰਦਰਸ਼ਨ ਕਰਦਿਆਂ ਦੋਸ਼ੀਆਂ ਉੱਤੇ ਕਾਨੂੰਨੀ ਕਾਰਵਾਈ ਦੀ ਮੰਗ ਕੀਤੀ।ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਅਰਦਾਸ ਕਰਨ ਤੋਂ ਪਹਿਲਾਂ ਮਾਰਚ ਦੌਰਾਨ ਸੰਗਤਾਂ ਨੇ ਸਤਿਨਾਮ-ਵਾਹਿਗੁਰੂ ਦਾ ਜਾਪ ਕੀਤਾ, ਦੋਸ਼ੀਆਂ ਖ਼ਿਲਾਫ਼ ਨਾਅਰੇਬਾਜ਼ੀ ਕੀਤੀ ਤੇ ਲਾਪਤਾ ਸਰੂਪਾਂ ਸਬੰਧੀ ਸ਼੍ਰੋਮਣੀ ਕਮੇਟੀ ਦੀ ਕਾਰਗੁਜ਼ਾਰੀ ਤੇ ਸਵਾਲ ਚੁੱਕੇ। ਸੰਗਤਾਂ ਨੇ ਹੱਥ 'ਚ ਤਖ਼ਤੀਆਂ ਫੜੀਆਂ ਸਨ ਜਿਨ੍ਹਾਂ 'ਤੇ ਲਿਖਿਆ ਸੀ ਕਿ ਸ਼੍ਰੋਮਣੀ ਕਮੇਟੀ ਦੇਵੇ ਜਵਾਬ 328 ਸਰੂਪ ਕਿੱਥੇ ਹਨ ? ਦੋਸ਼ੀਆਂ ਨੂੰ ਸਜ਼ਾ ਕਦੋਂ ਅਤੇ ਕਿਵੇਂ ? ਅਤੇ ਸ਼੍ਰੋਮਣੀ ਕਮੇਟੀ ਵੱਲੋਂ ਜਖ਼ਮੀ ਕੀਤੇ ਸਿੰਘਾਂ-ਸਿੰਘਣੀਆਂ ਦੀਆਂ ਤਸਵੀਰਾਂ ਵਾਲੇ ਬੈਨਰ ਵੀ ਸੰਗਤਾਂ ਦੇ ਹੱਥਾਂ 'ਚ ਸਨ ਅਤੇ ਬਾਦਲ ਪਰਿਵਾਰ ਖ਼ਿਲਾਫ਼ ਸੰਗਤਾਂ 'ਚ ਬੇਹੱਦ ਰੋਹ ਵੇਖਣ ਨੂੰ ਮਿਲਿਆ। ਜਥੇਬੰਦੀਆਂ ਦੇ ਆਗੂਆਂ ਨੇ ਕਿਹਾ ਕਿ ਪਾਵਨ ਸਰੂਪਾਂ ਦੇ ਮਾਮਲੇ 'ਚ ਸ਼੍ਰੋਮਣੀ ਕਮੇਟੀ ਨੇ ਸੰਗਤਾਂ ਨੂੰ ਇਨਸਾਫ਼ ਨਾ ਦੇ ਕੇ ਆਪਣੇ 'ਤੇ ਇਤਿਹਾਸਕ ਕਲੰਕ ਲਵਾ ਲਿਆ ਹੈ।ਉਹਨਾਂ ਕਿਹਾ ਕਿ ਬਾਦਲ ਪਰਿਵਾਰ ਨੇ ਆਪਣੀ ਸਿਆਸਤ ਚਮਕਾਉਣ ਲਈ ਸਾਡੀਆਂ ਧਾਰਮਿਕ ਸੰਸਥਾਵਾਂ ਦਾ ਦੁਰ-ਉਪਯੋਗ ਕੀਤਾ ਹੈ, ਇਹਨਾਂ ਨੂੰ ਗੰਧਲਾ ਅਤੇ ਤਹਿਸ-ਨਹਿਸ ਕਰਦਿਆਂ ਸਾਡੇ ਧਰਮ ਦੇ ਸਿਧਾਂਤਾਂ ਨਾਲ ਖਿਲਵਾੜ ਕੀਤਾ ਹੈ ਜੋ ਨਾ ਬਖ਼ਸ਼ਣਯੋਗ ਕਾਰਾ ਹੈ। ਉਹਨਾਂ ਕਿਹਾ ਕਿ ਪਿਛਲੇ ਸਾਲ ਸ਼੍ਰੋਮਣੀ ਕਮੇਟੀ ਨੇ ਸਿੰਘਾਂ-ਸਿੰਘਣੀਆਂ 'ਤੇ ਜ਼ੁਲਮ-ਤਸ਼ੱਦਦ ਅਤੇ ਕੇਸਾਂ-ਕਕਾਰਾਂ ਦੀ ਬੇਅਦਬੀ ਕਰਕੇ ਮੋਰਚਾ ਚੁਕਵਾ ਦਿੱਤਾ ਸੀ ਪਰ ਇਹ ਸੰਘਰਸ਼ ਅਜੇ ਖ਼ਤਮ ਨਹੀਂ ਹੋਇਆ। ਜਿੰਨਾ ਚਿਰ ਤੱਕ ਸ਼੍ਰੋਮਣੀ ਕਮੇਟੀ ਪਾਵਨ ਸਰੂਪਾਂ ਸਬੰਧੀ ਕੌਮ ਨੂੰ ਜਵਾਬ ਨਹੀਂ ਦਿੰਦੀ ਕਿ ਪਾਵਨ ਸਰੂਪ ਕੀਹਨੂੰ, ਕਿਉਂ ਅਤੇ ਕਿਸ ਦੇ ਕਹਿਣ 'ਤੇ ਦਿੱਤੇ ਅਤੇ ਦੋਸ਼ੀਆਂ 'ਤੇ ਪਰਚੇ ਦਰਜ ਕਰਾ ਕੇ ਸਾਰੀ ਗੱਲ ਸਾਹਮਣੇ ਨਾ ਲਿਆਂਦੀ ਓਨਾ ਚਿਰ ਤੱਕ ਕੌਮ ਦਾ ਰੋਹ ਮੱਠਾ ਨਹੀਂ ਪਵੇਗਾ ਤੇ ਇਹ ਰੋਸ ਬਰਕਰਾਰ ਰਹੇਗਾ ਤੇ ਅਸੀਂ ਵਾਰ-ਵਾਰ ਇਹ ਆਵਾਜ਼ ਬੁਲੰਦ ਕਰਦੇ ਰਹਾਂਗੇ। ਉਹਨਾਂ ਕਿਹਾ ਕਿ ਇਹ ਮਾਮਲਾ ਕਿਸੇ ਘਪਲੇ ਤੱਕ ਹੀ ਸੀਮਿਤ ਨਹੀਂ ਬਲਕਿ ਬੇਅਦਬੀਆਂ ਨਾਲ ਵੀ ਸਬੰਧਤ ਹੋ ਸਕਦਾ ਹੈ। ਉਹਨਾਂ ਕਿਹਾ ਕਿ ਭਾਰਤੀ ਫ਼ੌਜ ਵੱਲੋਂ ਤਿੰਨ ਵਾਰ ਕਰਕੇ ਵਾਪਸ ਕੀਤੇ ਹੱਥ-ਲਿਖਤ ਸਰੂਪਾਂ ਅਤੇ ਹੁਕਮਨਾਮਿਆਂ ਨੂੰ ਵੀ ਸ਼੍ਰੋਮਣੀ ਕਮੇਟੀ ਖ਼ੁਰਦ-ਬੁਰਦ ਕਰ ਚੁੱਕੀ ਹੈ, ਕੈਨੇਡਾ 'ਚ 450 ਪਾਵਨ ਸਰੂਪਾਂ ਦੀ ਬੇਅਦਬੀ ਵੀ ਸ਼੍ਰੋਮਣੀ ਕਮੇਟੀ ਵੱਲੋਂ ਗੰਭੀਰਤਾ ਨਾ ਵਿਖਾਏ ਕਾਰਨ ਹੋਈ। ਉਹਨਾਂ ਕਿਹਾ ਕਿ ਕੱਲ੍ਹ ਸ੍ਰੀ ਦਰਬਾਰ ਸਾਹਿਬ ਵਿਖੇ ਬੇਅਦਬੀ ਦੇ ਦੋਸ਼ੀ ਦਾ ਸੰਗਤਾਂ ਹੱਥੋਂ ਸੋਧਿਆ ਜਾਣਾ, ਸਹੀ ਮਾਅਨਿਆਂ 'ਚ ਖ਼ਾਲਸਾਈ ਇਨਸਾਫ਼ ਹੈ। ਉਹਨਾਂ ਕਿਹਾ ਕਿ ਜਿਹੜੀਆਂ ਬੇਅਦਬੀ ਪਹਿਲਾਂ ਹੋਈਆਂ ਜੇ ਓਦੋਂ ਹੀ ਸ਼੍ਰੋਮਣੀ ਕਮੇਟੀ, ਅਕਾਲੀ ਦਲ, ਕੈਪਟਨ ਅਤੇ ਚੰਨੀ ਸਰਕਾਰ ਤੇ ਪੁਲਿਸ ਪ੍ਰਸ਼ਾਸਨ ਨੇ ਗੰਭੀਰਤਾ ਵਿਖਾਈ ਹੁੰਦੀ ਤਾਂ ਅੱਜ ਸਾਨੂੰ ਇਹ ਦਿਨ ਨਹੀਂ ਸੀ ਵੇਖਣੇ ਪੈਣੇ। ਉਹਨਾਂ ਕਿਹਾ ਕਿ ਸਮੂਹ ਜਥੇਬੰਦੀਆਂ ਨਾਲ ਵਿਚਾਰ-ਵਟਾਂਦਰਾ ਕਰਕੇ ਅਗਲਾ ਸੰਘਰਸ਼ ਜਲਦ ਉਲੀਕਿਆ ਜਾਵੇਗਾ। ਸਮੁੱਚੇ ਸਿੱਖ ਜਗਤ ਨੂੰ ਅਪੀਲ ਕੀਤੀ ਕਿ ਪਾਵਨ ਸਰੂਪ ਦੇ ਮਾਮਲੇ 'ਚ ਹਿਸਾਬ ਨਾ ਦੇਣ ਵਾਲੇ ਬਾਦਲਕਿਆਂ ਨੂੰ ਥਾਂ-ਥਾਂ 'ਤੇ ਘੇਰ ਕੇ ਜਵਾਬਤਲਬੀ ਕੀਤੀ ਜਾਵੇ। ਇਸ ਮੌਕੇ ਭਾਈ ਹਰਜਿੰਦਰ ਸਿੰਘ ਨੀਲੀਆਂ ਫ਼ੌਜਾਂ, ਹਰਪਾਲ ਸਿੰਘ ਮਖੂ, ਗੁਰਸ਼ਰਨ ਸਿੰਘ ਛੰਨਾ, ਕੁਲਦੀਪ ਸਿੰਘ ਬਿੱਟੂ, ਬੀਬੀ ਮਨਿੰਦਰ ਕੌਰ, ਮਨਪ੍ਰੀਤ ਸਿੰਘ ਮੰਨਾ, ਰਵੀ ਸ਼ੇਰ ਸਿੰਘ ਆਦਿ ਹਾਜ਼ਰ ਸਨ।




# ਬੇਅਦਬੀ ਦੀਆਂ ਪੀੜਾਦਾਇਕ ਕਾਰਵਾਈਆਂ ਵਾਰ-ਵਾਰ ਵਾਪਰਨਾ ਡੂੰਘੀ ਸਾਜ਼ਿਸ਼ ਵੱਲ ਇਸ਼ਾਰਾ : ਸੁਖਬੀਰ ਸਿੰਘ ਬਾਦਲ

**ਤਲਵੰਡੀ ਸਾਬੋ,ਬਠਿੰਡਾ, ਮਾਨਸਾ/ਲੋਕ ਬਾਣੀ**

ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸਰਦਾਰ ਸੁਖਬੀਰ ਸਿੰਘ ਬਾਦਲ ਨੇ ਅੱਜ ਕਿਹਾ ਕਿ ਸਿੱਖ ਧਰਮ ਦੇ ਖਿਲਾਫ ਬੇਅਦਬੀ ਦੀਆਂਅ ਬਹੁਤ ਪੀੜ੍ਹਾਦਾਇਕ ਘਟਨਾਵਾਂ ਦਾ ਵਾਰ ਵਾਰ ਵਾਪਰਨਾ ਇਕ ਡੂੰਘੀ ਸਾਜ਼ਿਸ਼ ਵੱਲੋਂ ਸਪਸ਼ਟ ਇਸ਼ਾਰਾ ਕਰਦਾ ਹੈ। ਇਥੇ ਅਕਾਲੀ ਦਲ ਦੇ ਉਮੀਦਵਾਰ ਜੀਤ ਮਹਿੰਦਰ ਸਿੰਘ ਸਿੱਧੂ ਤੇ ਮਾਨਸਾ ਤੋਂ ਉਮੀਦਵਾਰ ਪ੍ਰੇਮ ਕੁਮਾਰ ਅਰੋੜਾ ਦੇ ਹੱਕ ਵਿਚ ਵਿਸ਼ਾਲ ਇਕੱਠਾਂ ਨੂੰ ਸੰਬੋਧਨ ਕਰਨ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਨੇ ਕੇਂਦਰ ਤੇ ਰਾਜ ਸਰਕਾਰਾਂ ਨੂੰ ਆਖਿਆ ਕਿ ਉਹ ਇਸ ਸਾਜ਼ਿਸ਼ ਪਿਛਲੇ ਅਨਸਰਾਂ ਦੀ ਸ਼ਨਾਖ਼ਤ ਕਰਨ, ਉਹਨਾਂ ਨੂੰ ਬੇਨਕਾਬ ਕਰਨ ਅਤੇ ਸਜ਼ਾ ਦੇਣ ਦੀ ਕਾਰਵਾਈ ਵਿਚ ਆਪਣੀ ਸੰਜੀਦਗੀ ਤੇ ਫੁਰਤੀ ਵਿਖਾਉਣ। ਉਹਨਾਂ ਕਿਹਾ ਕਿ ਹੁਣ ਤੱਕ ਉਹਨਾਂ ਦੇ ਰਵੱਈਏ ਨਾਲ ਆਸ ਮੁਤਾਬਕ ਕਾਰਵਾਈ ਨਜ਼ਰੀਂ ਨਹੀਂ ਆਈ ਕਿਉਂਕਿ ਮੌਜੂਦਾ ਸ਼ਾਸਕਾਂ ਦੇ ਮਨਾਂ ਵਿਚ ਅਸਲ ਦੋਸ਼ੀਆਂ ਨੂੰ ਫੜਨ ਦੀ ਥਾਂ ਰਾਜਨੀਤੀ ਜ਼ਿਆਦਾ ਭਾਰੂ ਹੈ।

ਅਕਾਲੀ ਦਲ ਦੇ ਪ੍ਰਧਾਨ ਨੇ ਕਿਹਾ ਕਿ ਜੋ ਇਹ ਕਦੇ ਨਾ ਭੁੱਲਣ ਵਾਲੀਆਂ ਨਫਰਤ ਭਰੀਆਂ ਕਾਰਵਾਈਆਂ ਕਰਵਾ ਰਹੇ ਹਨ, ਹੋਰ ਦਲੇਰ ਹੋ ਗਏ ਹਨ ਕਿਉਂਕਿ ਪੰਜਾਬ ਵਿਚ ਕਾਂਗਰਸ ਲੀਡਰਸ਼ਿਪ ਤੇ ਸਰਕਾਰ ਨੇ ਇਸ ਸਭ ਤੋਂ ਸੰਵੇਦਨਸ਼ੀਲ ਮੁੱਦੇ 'ਤੇ ਗੰਦੀ ਅਤੇ ਖਤਰਨਾਕ ਰਾਜਨੀਤੀ ਖੇਡਣ ਵਿਚ ਪੰਜ ਸਾਲ ਬਰਬਾਦ ਕਰ ਦਿੱਤੇ ਹਨ।ਉਹਨਾਂ ਕਿਹਾ ਕਿ ਬਜਾਏ ਬੇਅਦਬੀ ਦੀਆਂ ਘਟਨਾਵਾਂ ਪਿੱਛਲੇ ਅਸਲ ਦੋਸ਼ੀਆਂ ਤੇ ਸਾਜ਼ਿਸ਼ਕਾਰਾਂ ਦੇ ਖਿਲਾਫ ਕਾਰਵਾਈ ਕਰਨ ਦੇ, ਕਾਂਗਰਸੀ ਆਗੂ ਤੇ ਸਰਕਾਰ ਇਹਨਾਂ ਤ੍ਰਾਸਦੀ ਭਰੀਆਂ ਘਟਨਾਵਾਂ ਲਈ ਸਿਰਫ ਸਿਆਸੀ ਵਿਰੋਧੀਆਂ ਖਿਲਾਫ ਦੂਸ਼ਣਬਾਜ਼ੀ ਵਿਚ ਰੁੱਝੇ ਹੋਏ ਹਨ। ਉਹਨਾਂ ਕਿਹਾ ਕਿ ਇਸ ਰਵੱਈਏ ਕਾਰਨ ਅਸਲ ਦੋਸ਼ੀ ਆਜ਼ਾਦ ਘੁੰਮ ਰਹੇ ਹਨ।ਉਹਨਾਂ ਕਿਹਾ ਕਿ ਸੱਚਖੰਡ ਸ੍ਰੀ ਹਰਿਮੰਦਿਰ ਸਾਹਿਬ ਅਤੇ ਕਪੂਰਥਲਾ ਦੀਆਂ ਘਟਲਾਵਾਂ ਦੇ ਅਸਲ ਦੋਸ਼ੀ ਵੀ ਫਰਾਰ ਹੋ ਗਏ ਹੁੰਦੇ ਜੇਕਰ ਸ਼੍ਰੋਮਣੀ ਕਮੇਟੀ ਅਤੇ ਸ਼ਰਧਾਲੂ ਚੌਕਸ ਨਾ ਹੁੰਦੇ। ਤਲਵੰਡੀ ਸਾਬੋ ਕਾਨਫਰੰਸ ਬਾਰੇ ਗੱਲ ਕਰਦਿਆਂ ਸਰਦਾਰ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਉਹਨਾਂ ਨੇ ਆਪਣੇ ਸਿਆਸੀ ਜੀਵਨ ਵਿਚ ਕਦੇ ਵੀ ਇਕ ਹਲਕੇ ਵਿਚੋਂ ਇੰਨਾ ਵੱਡਾ ਇਕੱਠ ਨਹੀਂ ਵੇਖਿਆ। ਇਕੱਠ ਨੂੰ ਸੰਬੋਧਨ ਕਰਦਿਆਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਨੇ ਐਲਾਨ ਕੀਤਾ ਕਿ ਅਗਲੀ ਅਕਾਲੀ ਦਲ ਤੇ ਬਸਪਾ ਸਰਕਾਰ ਮਾਨਸਾ ਵਿਚ 500 ਬੈਡਾਂ ਦਾ ਮੈਡੀਕਲ ਕਾਲਜ ਤੇ ਹਸਪਤਾਲ ਬਣਾਏਗੀ। ਇਕ ਹੋਰ ਵੱਡੇ ਫੈਸਲੇ ਵਿਚ ਸਰਦਾਰ ਬਾਦਲ ਨੇ ਐਲਾਨ ਕੀਤਾ ਕਿ ਸਿੰਜਾਈ ਲਈ ਟੇਲਾਂ ਦੇ ਅੰਤ ਤੱਕ ਪਾਣੀ ਨਾ ਪਹੁੰਚਣ ਦੀ ਸਮੱਸਿਆ ਜ਼ਮੀਨ ਹੇਠਾਂ ਪਾਣੀ ਦੀਆਂ ਪਾਈਪਾਂ ਵਿਛਾ ਕੇ ਖਤਮ ਕੀਤੀ ਜਾਵੇਗੀ। ਉਹਨਾਂ ਇਹ ਵੀ ਐਲਾਨ ਕੀਤਾ ਕਿ ਜਿਹੜੇ ਕਿਸਾਨਾਂ ਕੋਲ ਟਿਊਬਵੈਲ ਕੁਨੈਕਸ਼ਨ ਨਹੀਂ ਹਨ, ਉਹ ਪਹਿਲ ਦੇ ਆਧਾਰ 'ਤੇ ਦਿੱਤੇ ਜਾਣਗੇ। ਉਹਨਾਂ ਇਹ ਵੀ ਕਿਹਾ ਕਿ ਅਗਲੀ ਸਰਕਾਰ ਕਿਸਾਨਾਂ ਲਈ ਪ੍ਰਤੀ ਏਕੜ 50 ਹਜ਼ਾਰ ਰੁਪਏ ਦਾ ਫਸਲੀ ਬੀਮਾ ਸਕੀਮ ਵੀ ਸ਼ੁਰੂ ਕਰੇਗੀ। ਉਹਨਾਂ ਕਿਹਾ ਕਿ ਪੁਰਾਣੀ ਪੈਨਸ਼ਨ ਸਕੀਮ ਜੋ 2004 ਵਿਚ ਬੰਦ ਕਰ ਦਿੱਤੀ ਗਈ ਸੀ, ਸੁਰਜੀਤ ਕੀਤੀ ਜਾਵੇਗੀ ਅਤੇ ਰੇਤ ਤੇ ਸ਼ਰਾਬ ਮਾਫੀਆ ਖਤਮ ਕੀਤਾ ਜਾਵੇਗਾ, ਧਾਰਮਿਕ ਅਸਥਾਨਾਂ ਦੇ ਬਿਜਲੀ ਬਿੱਲ ਮੁਆਫ ਕੀਤੇ ਜਾਣਗੇ ਅਤੇ ਪਿੰਡਾਂ ਵਿਚ ਮੁਸਲਿਮ ਤੇ ਇਸਾਈ ਭਾਈਚਾਰੇ ਲਈ ਕਬਰਿਸਤਾਨ ਵਾਸਤੇ ਥਾਂ ਦਿੱਤੀ ਜਾਵੇਗੀ। ਉਹਨਾਂ ਕਿਹਾ ਕਿ ਵਪਾਰੀਆਂ ਲਈ 10 ਲੱਖ ਰੁਪਏ ਦਾ ਜੀਵਨ ਬੀਮਾ, ਮੈਡੀਕਲ ਬੀਮਾ ਤੇ ਅਗਜ਼ਨੀ ਤੋਂ ਬਚਾਅ ਲਈ ਬੀਮਾ ਪ੍ਰਦਾਨ ਕੀਤਾ ਜਾਵੇਗਾ। ਇਸ ਤੋਂ ਪਹਿਲਾਂ ਮਾਨਸਾ ਸ਼ਹਿਰ ਵਿਚ ਪਹੁੰਚਣ 'ਤੇ ਸੈਂਕੜੇ ਅਕਾਲੀ ਵਰਕਰਾਂ ਨੇ ਟਰੈਕਟਰਾਂ 'ਤੇ ਸਵਾਰ ਹੋ ਕੇ ਸਰਦਾਰ ਸੁਖਬੀਰ ਸਿੰਘ ਬਾਦਲ ਦਾ ਨਿੱਘਾ ਸਵਾਗਤ ਕੀਤਾ। ਸਾਰੇ ਟਰੈਕਟਰਾਂ 'ਤੇ 'ਵੀਰ ਸੁਖਬੀਰ' ਗੀਤ ਵਜਾਇਆ ਗਿਆ ਤੇ ਇਹ ਟਰੈਕਟਰ ਪਾਰਟੀ ਪ੍ਰਧਾਨ ਨੂੰ ਮੰਡੀ ਤੱਕ ਲੈ ਕੇ ਗਏ। ਨਾਲ ਹੀ ਸੈਂਕੜੇ ਮੋਟਰ ਸਾਈਕਲਾਂ ਦਾ ਕਾਫਲਾ ਵੀ ਚਲ ਰਿਹਾ ਸੀ।




## ਲੋਕ ਇਸ ਵਾਰ ਕੰਮਾਂ ਦੇ ਆਧਾਰ 'ਤੇ ਵੋਟ ਪਾਉਣਗੇ-ਕਾਕਾ ਬਰਾੜ

**ਸ੍ਰੀ ਮੁਕਤਸਰ ਸਾਹਿਬ/ਲੋਕ ਬਾਣੀ**

ਸਥਾਨਕ ਮਲੋਟ ਰੋਡ ਸਥਿਤ ਰਾਜਪਾਲ ਸਿਨੇਮਾ ਨਜਦੀਕ ਗੁਰਜੀਤ ਸਿੰਘ ਦੀ ਅਗਵਾਈ ਹੇਠ ਆਮ ਆਦਮੀ ਪਾਰਟੀ ਦੀ ਇਕ ਭਰਵੀਂ ਮੀਟਿੰਗ ਹੋਈ, ਜਿਸ ਵਿਚ 'ਆਪ' ਉਮੀਦਵਾਰ ਜਗਦੀਪ ਸਿੰਘ ਕਾਕਾ ਬਰਾੜ ਵਿਸੇਸ ਤੌਰ 'ਤੇ ਪਹੁੰਚੇ . ਇਸ ਦੌਰਾਨ ਉਨ੍ਹਾਂ ਨਾਲ ਕੌਂਸਲਰ ਜਗਮੀਤ ਸਿੰਘ ਜੱਗਾ ਅਤੇ ਲੱਕੀ ਮਾਨ ਵੀ ਮੌਜੂਦ ਰਹੇ . ਮੀਟਿੰਗ ਦੀ ਸੁਰੂਆਤ ਦੌਰਾਨ ਕੌਂਸਲਰ ਜਗਮੀਤ ਸਿੰਘ ਜੱਗਾ ਨੇ ਆਖਿਆ ਕਿ ਲੋਕ ਹੁਣ ਰਵਾਇਤੀ ਪਾਰਟੀਆਂ ਦੇ ਭਾਸਣਾਂ ਤੋਂ ਅੱਕ ਚੁੱਕੇ ਹਨ ਅਤੇ ਹੁਣ ਬਦਲਾਅ ਲਿਆਉਣ ਲਈ ਤਿਆਰ ਹਨ . ਉਨ੍ਹਾਂ ਆਖਿਆ ਕਿ ਸ: ਕਾਕਾ ਬਰਾੜ ਪਿਛਲੇ ਪੰਜ ਸਾਲ ਲਗਾਤਾਰ ਲੋਕਾਂ ਦੇ ਦੁੱਖ-ਸੁੱਖ 'ਚ ਸਰੀਕ ਹੁੰਦੇ ਆ ਰਹੇ ਹਨ, ਜਿਸ ਕਾਰਨ ਪਾਰਟੀ ਨੇ ਫਿਰ ਇਨ੍ਹਾਂ ਨੂੰ ਹਲਕਾ ਸ੍ਰੀ ਮੁਕਤਸਰ ਸਾਹਿਬ ਤੋਂ ਉਮੀਦਵਾਰ ਐਲਾਨਿਆ ਹੈ . ਇਸ ਮੌਕੇ ਜਗਦੀਪ ਸਿੰਘ ਕਾਕਾ ਬਰਾੜ ਨੇ ਆਖਿਆ ਕਿ ਹਲਕੇ ਦੇ ਲੋਕਾਂ ਵਲੋਂ ਭਰਵਾਂ ਹੁੰਗਾਰਾ ਮਿਲ ਰਿਹਾ ਹੈ, ਕਿਉਂਕਿ ਰਵਾਇਤੀ ਪਾਰਟੀਆਂ ਨੇ ਲੋਕਾਂ ਨੂੰ ਖ਼ੂਨ ਦੇ ਹੰਝੂ ਰਵਾਏ ਹਨ . ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਉਨ੍ਹਾਂ ਲੋਕਾਂ ਦੇ ਚਿਹਰਿਆਂ 'ਤੇ ਰੌਣਕ ਲੈ ਕੇ ਆਵੇਗੀ, ਜਿਨ੍ਹਾਂ ਦੇ ਚਿਹਰੇ ਮੁਰਝਾਏ ਹੋਏ ਹਨ। ਸ: ਬਰਾੜ ਨੇ ਸਮੂਹ ਦੁਕਾਨਦਾਰਾਂ ਦਾ ਧੰਨਵਾਦ ਕਰਦਿਆਂ ਵਿਸਵਾਸ ਦਿਵਾਇਆ ਕਿ ਉਹ ਉਨ੍ਹਾਂ ਦੇ ਮੋਢੇ ਨਾਲ ਮੋਢਾ ਲਗਾ ਕੇ ਹਮੇਸਾ ਖੜ੍ਹੇ ਰਹਿਣਗੇ . ਇਸ ਮੌਕੇ ਗੁਰਜੀਤ ਸਿੰਘ ਨੇ ਸ: ਬਰਾੜ ਦਾ ਧੰਨਵਾਦ ਕਰਦਿਆਂ ਭਰੋਸਾ ਦਿਵਾਇਆ ਕਿ ਉਹ ਦਿਨ-ਰਾਤ ਮਿਹਨਤ ਕਰਕੇ ਪਾਰਟੀ ਦੀਆਂ ਗਤੀਵਿਧੀਆਂ ਨੂੰ ਘਰ-ਘਰ ਪਹੁੰਚਾਉਣਗੇ . ਇਸ ਮੌਕੇ ਗੁਰਦੇਵ ਸਿੰਘ, ਗੁਰਸਿਮਰਨਜੀਤ ਸਿੰਘ, ਕੁਲਵਿੰਦਰ ਸਿੰਘ, ਗੁਰਮੀਤ ਸਿੰਘ, ਕੇਵਲ ਸਿੰਘ, ਸੁੱਖਾ ਸਿੰਘ, ਮੰਗਾ ਸਿੰਘ, ਬੱਬੂ, ਭਾਰਤ, ਦੀਪਾ, ਕੁਲਦੀਪ ਸਿੰਘ, ਗੁਰਮੀਤ ਗੋਨਿਆਣਾ ਆਦਿ ਹਾਜਰ ਸਨ।

ਦੇਸ਼-ਵਿਦੇਸ਼ ਤੋਂ ਅਖ਼ਬਾਰ ਨੂੰ ਪੱਤਰਕਾਰ, ਲੇਖਕਾਂ ਦੀ ਲੋੜ ਹੈ ਚਾਹਵਾਨ ਸੰਪਰਕ ਕਰਨ ਪਤਾ-ਲੋਕ ਬਾਣੀ ਸੰਗਮ ਕੰਪਲੈਕਸ, ਮਿਲਾਪ ਚੌਕ ਜਲੰਧਰ 0181-2211009, 99155-94111